I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

## ਚਾਈਨਾ ਡੋਰ ਵੇਚਣ ਤੇ ਵਰਤਣ ਵਾਲਿਆਂ ਵਿਰੁੱਧ ਜ਼ਿਲ੍ਹਾ ਪ੍ਰਸ਼ਾਸਨ ਸਖ਼ਤ

# ਪੀ.ਪੀ.ਸੀ.ਬੀ ਤੇ ਨਗਰ ਨਿਗਮ ਦੀ ਟੀਮ ਨੇ ਪਟਿਆਲਾ ਜ਼ਿਲ੍ਹੇ ਦੇ ਬਾਜ਼ਾਰ ਦੀ ਕੀਤੀ ਚੈਕਿੰਗ



**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤੇ ਨਗਰ ਨਿਗਮ ਪਟਿਆਲਾ ਦੀ ਟੀਮ ਵੱਲੋਂ ਅੱਜ ਆਚਾਰ ਬਾਜ਼ਾਰ, ਤ੍ਰਿਪੜੀ ਬਾਜ਼ਾਰ, ਰਾਘੋਮਾਜਰਾ ਸਮੇਤ ਮੈਨ ਬਾਜ਼ਾਰ ਰਾਜਪੁਰਾ, ਭਾਦਸੋਂ, ਸਨੌਰ ਅਤੇ ਨਾਭਾ ਵਿਖੇ ਚਾਈਨਾ ਡੋਰ ਦੀ ਚੈਕਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀ.ਪੀ.ਸੀ.ਬੀ ਦੇ ਐਸ.ਡੀ.ਓ ਮੋਹਿਤ ਸਿੰਗਲਾ ਨੇ ਦੱਸਿਆ ਕਿ ਬੋਰਡ ਵੱਲੋਂ ਨਗਰ ਨਿਗਮ ਤੇ ਐਸ.ਡੀ.ਐਮਜ਼ ਨਾਲ ਸਾਂਝੇ ਤੌਰ 'ਤੇ ਚਾਈਨਾ ਡੋਰ ਦਾ ਭੰਡਾਰ ਕਰਨ ਵਾਲਿਆਂ ਤੇ ਵੇਚਣ ਵਾਲਿਆਂ ਵਿਰੁੱਧ ਮੁਹਿੰਮ ਵਿੱਢੀ ਹੋਈ ਹੈ ਅਤੇ ਚਾਈਨਾ ਡੋਰ ਦੀ ਸਪਲਾਈ, ਵੇਚਣ ਜਾਂ ਵਰਤਣ 'ਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਲਈ ਵੀ ਜਾਂਚ ਜਾਰੀ ਹੈ।

ਉਨ੍ਹਾਂ ਦੱਸਿਆ ਕਿ ਅੱਜ ਚੈਕਿੰਗ ਦੌਰਾਨ, ਉਕਤ ਸਥਾਨਾਂ ਦੀਆਂ ਦੁਕਾਨਾਂ ਵਿੱਚੋਂ ਕਿਸੇ ਵੀ ਥਾਂ 'ਤੇ ਚਾਈਨਾ ਡੋਰ (ਗੱਟੂ) ਨਹੀਂ ਮਿਲੀ। ਟੀਮ ਨੇ ਦੁਕਾਨਦਾਰਾਂ ਅਤੇ ਸਥਾਨਕ ਨਿਵਾਸੀਆਂ ਨੂੰ ਚਾਈਨਾ ਡੋਰ ਦੀ ਵਿੱਕਰੀ ਅਤੇ ਵਰਤੋਂ ਨਾਲ ਹੋਣ ਵਾਲੇ ਖ਼ਤਰਨਾਕ ਪ੍ਰਭਾਵਾਂ ਬਾਰੇ ਜਾਣਕਾਰੀ ਵੀ ਦਿੱਤੀ ਅਤੇ ਇਸ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਦੱਸਿਆ ਕਿ ਆਮ ਲੋਕਾਂ ਨੂੰ ਪਤੰਗ ਉਡਾਉਣ ਲਈ ਪਾਬੰਦੀ ਸ਼ੁਦਾ ਚਾਈਨਾ ਡੋਰ/ ਨਾਈਲਨ/ਸਿੰਥੈਟਿਕ ਧਾਗੇ ਦੀ ਵਰਤੋਂ ਨਾ ਕਰਨ ਅਤੇ ਸਰਕਾਰ ਦੀ ਮਦਦ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਇੱਕ ਜਨਤਕ ਨੋਟਿਸ ਜਾਰੀ ਕੀਤਾ ਗਿਆ ਹੈ, ਜਿਸ ਅਨੁਸਾਰ ਜੇਕਰ ਕੋਈ ਵਿਅਕਤੀ ਚਾਈਨਾ ਡੋਰ ਦੀ ਵਰਤੋਂ ਕਰਦਾ/ਸਟੋਰ ਕਰਦਾ/ਸਪਲਾਈ ਕਰਦਾ/ਆਯਾਤ ਕਰਦਾ/ ਵੇਚਦਾ ਪਾਇਆ ਜਾਂਦਾ ਹੈ, ਤਾਂ ਉਸ 'ਤੇ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਇਸ ਗਤੀਵਿਧੀ ਦੀ ਸ਼ਿਕਾਇਤ ਲਈ ਟੋਲ-ਫ਼ਰੀ ਨੰਬਰ (0175-2350550/1800-180-2810) ਵੀ ਜਾਰੀ ਕੀਤਾ ਗਿਆ ਹੈ।

# ਦਿੱਲੀ 'ਚ 'ਆਪ' ਖ਼ਿਲਾਫ਼ ਮੋਰਚਾ ਲਾਉਣਗੇ ਪੰਜਾਬ ਦੇ ਕੰਪਿਊਟਰ ਅਧਿਆਪਕ

## ਦਿੱਲੀ ਕੂਚ ਦੀ ਤਿਆਰੀ; 'ਆਪ' ਮੁਖੀ ਕੇਜਰੀਵਾਲ ਦੇ ਹਲਕੇ 'ਚ ਪ੍ਰਦਰਸ਼ਨ ਦਾ ਐਲਾਨ

**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੇ ਅਧਿਕਾਰਾਂ ਦੀ ਬਹਾਲੀ ਲਈ ਸੰਘਰਸ਼ ਕਰ ਰਹੇ ਪੰਜਾਬ ਦੇ ਕੰਪਿਊਟਰ ਅਧਿਆਪਕ ਨੇ ਹੁਣ ਦਿੱਲੀ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਣ ਦੀ ਤਿਆਰੀ ਖਿੱਚ ਲਈ ਹੈ। ਦਿੱਲੀ ਪ੍ਰਸ਼ਾਸਨ ਤੋਂ ਮਨਜ਼ੂਰੀ ਮਿਲਣ ਮਗਰੋਂ ਇਹ ਅਧਿਆਪਕ 2 ਫਰਵਰੀ ਤੋਂ ਪਹਿਲਾਂ ਕਿਸੇ ਵੀ ਦਿਨ ਦਿੱਲੀ ਵਿੱਚ 'ਆਪ' ਮੁਖੀ ਅਰਵਿੰਦ ਕੇਜਰੀਵਾਲ ਦੇ ਹਲਕੇ ਵਿੱਚ ਪ੍ਰਦਰਸ਼ਨ ਕਰ ਪੰਜਾਬ ਦੀ 'ਆਪ' ਸਰਕਾਰ ਦੀ ਵਾਅਦਾਖ਼ਿਲਾਫ਼ੀ ਤੇ ਆਪਣੀਆਂ ਦੀਆਂ ਮੰਗਾਂ ਦਿੱਲੀ ਦੀ ਜਨਤਾ ਦੇ ਸਾਹਮਣੇ ਰੱਖਣਗੇ।



ਕੰਪਿਊਟਰ ਅਧਿਆਪਕ ਭੁੱਖ ਹੜਤਾਲ ਸੰਘਰਸ਼ ਕਮੇਟੀ ਦੇ ਆਗੂਆਂ ਪਰਮਵੀਰ ਸਿੰਘ ਪੰਮੀ, ਪ੍ਰਦੀਪ ਕੁਮਾਰ ਮਲੂਕਾ, ਜੌਨੀ ਸਿੰਗਲਾ, ਲਖਵਿੰਦਰ ਸਿੰਘ, ਬਲਜੀਤ ਸਿੰਘ, ਉਧਮ ਸਿੰਘ, ਰਾਕੇਸ਼ ਸੈਣੀ ਤੇ ਸੁਸ਼ੀਲ ਅੰਗੁਰਾਲ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ 'ਚ 150 ਦਿਨਾਂ ਤੋਂ ਜਾਰੀ ਭੁੱਖ ਹੜਤਾਲ ਤੇ ਧਰਨੇ ਦੇ ਬਾਵਜੂਦ ਉਨ੍ਹਾਂ ਦੀਆਂ ਮੰਗਾਂ 'ਤੇ ਸਰਕਾਰ ਧਿਆਨ ਨਹੀਂ ਦੇ ਰਹੀ।

ਅਧਿਆਪਕ ਆਗੂਆਂ ਨੇ ਕਿਹਾ ਕਿ 'ਆਪ' ਸਰਕਾਰ ਬਣਨ ਦੇ ਬਾਅਦ ਉਨ੍ਹਾਂ ਨੂੰ ਛੇਵੇਂ ਪੇ ਕਮਿਸ਼ਨ ਦਾ ਲਾਭ ਨਹੀਂ ਦਿੱਤਾ ਗਿਆ ਤੇ ਮਹਿੰਗਾਈ ਭੱਤਾ (ਡੀਏ) ਵੀ ਫਰੀਜ਼ ਕਰ ਦਿੱਤਾ ਗਿਆ, ਜਿਸ ਨਾਲ ਉਨ੍ਹਾਂ ਦਾ ਆਰਥਿਕ ਸੰਕਟ ਵਧ ਰਿਹਾ ਹੈ। ਕਈ ਅਧਿਆਪਕ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਗੰਭੀਰ ਬੀਮਾਰੀਆਂ ਤੋਂ ਪੀੜਤ ਹਨ ਪਰ ਮੈਡੀਕਲ ਰੀਇਮਬਰਸਮੈਂਟ ਵਰਗੀਆਂ ਸਹੂਲਤਾਂ ਵੀ ਉਨ੍ਹਾਂ ਨੂੰ ਉਪਲਬਧ ਨਹੀਂ ਹਨ। ਪਿਛਲੇ ਕੁਝ ਸਾਲਾਂ 'ਚ 100 ਤੋਂ ਵੱਧ ਅਧਿਆਪਕਾਂ ਦੀ ਮੌਤ ਹੋ ਚੁੱਕੀ ਹੈ ਪਰ ਉਨ੍ਹਾਂ ਦੇ ਪਰਿਵਾਰਾਂ ਨੂੰ ਕੋਈ ਵਿੱਤੀ ਸਹਾਇਤਾ ਜਾਂ ਨੌਕਰੀ ਨਹੀਂ ਦਿੱਤੀ ਗਈ।

ਅਧਿਆਪਕ ਆਗੂਆਂ ਨੇ ਦੱਸਿਆ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਨੇ ਉਨ੍ਹਾਂ ਦੀਆਂ ਮੰਗਾਂ ਨੂੰ ਜਾਇਜ਼ ਠਹਿਰਾਉਂਦਿਆਂ ਆਪਣੇ ਚੋਣ ਮਨੋਰਥ ਪੱਤਰ 'ਚ ਉਨ੍ਹਾਂ ਨੂੰ ਸਿੱਖਿਆ ਵਿਭਾਗ 'ਚ ਸ਼ਾਮਲ ਕਰਨ ਤੇ ਸਾਰੇ ਅਧਿਕਾਰ ਬਹਾਲ ਕਰਨ ਦਾ ਵਾਅਦਾ ਕੀਤਾ ਸੀ। ਅਧਿਆਪਕ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਦੇ ਅਧਿਕਾਰਾਂ ਦੀ ਬਹਾਲੀ ਨਾ ਕੀਤੀ ਗਈ ਤਾਂ ਇਹ ਅੰਦੋਲਨ ਕੌਮੀ ਪੱਧਰ 'ਤੇ ਲਿਜਾਇਆ ਜਾਵੇਗਾ।

ਉਨ੍ਹਾਂ ਐਲਾਨ ਕੀਤਾ ਕਿ ਦਿੱਲੀ ਪ੍ਰਸ਼ਾਸਨ ਤੋਂ ਮਨਜ਼ੂਰੀ ਮਿਲਣ ਮਗਰੋਂ ਉਹ 2 ਫਰਵਰੀ ਤੋਂ ਪਹਿਲਾਂ ਕਿਸੇ ਵੀ ਦਿਨ ਦਿੱਲੀ 'ਚ ਵੱਡਾ ਪ੍ਰਦਰਸ਼ਨ ਕਰਨਗੇ ਤੇ 'ਆਪ' ਦੀ ਪੰਜਾਬ ਸਰਕਾਰ ਦੀ ਵਾਅਦਾਖ਼ਿਲਾਫ਼ੀ ਨੂੰ ਉਜਾਗਰ ਕਰਨਗੇ। ਉਨ੍ਹਾਂ ਨੇ ਕਿਹਾ ਕਿ ਇਸ ਸਬੰਧ 'ਚ ਦਿੱਲੀ ਜਾਣ ਵਾਲੇ ਅਧਿਆਪਕਾਂ ਦੀਆਂ ਜ਼ਿਲ੍ਹਾ ਵਾਈਜ਼ ਸੂਚੀਆਂ ਤਿਆਰ ਹੋ ਚੁੱਕੀਆਂ ਹਨ।

# ਢਾਬੀਗੁੱਜਰਾਂ ਪੁੱਜੇ ਕੇਂਦਰੀ ਅਧਿਕਾਰੀਆਂ ਨੇ ਡੱਲੇਵਾਲ ਦਾ ਹਾਲ ਜਾਣਿਆ

## ਡੱਲੇਵਾਲ ਨੂੰ 14 ਵਾਲੀ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਅਪੀਲ

**ਪਟਿਆਲਾ/ਪਾਤੜਾਂ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਤੋਂ ਆਏ ਕੇਂਦਰ ਸਰਕਾਰ ਦੇ ਅਧਿਕਾਰੀਆਂ ਨੇ ਅੱਜ ਢਾਬੀਗੁੱਜਰਾਂ ਬਾਰਡਰ 'ਤੇ ਪਹੁੰਚ ਕੇ ਇਥੇ ਕਿਸਾਨੀ ਮੰਗਾਂ ਦੀ ਪੂਰਤੀ ਲਈ 65 ਦਿਨਾਂ ਤੋਂ ਮਰਨ ਵਰਤ 'ਤੇ ਚੱਲ ਰਹੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਹਾਲਚਾਲ ਜਾਣਿਆ। ਪਿਛਲੇ ਦਿਨਾਂ ਤੋਂ ਜਾਰੀ ਮੈਡੀਕਲ ਟਰੀਟਮੈਂਟ ਜ਼ਰੀਏ ਉਨ੍ਹਾਂ ਦੀ ਸਿਹਤ 'ਚ ਕਿੰਨਾ ਕੁ ਸੁਧਾਰ ਆਇਆ ਹੈ, ਬਾਰੇ ਜਾਨਣ ਲਈ ਇਨ੍ਹਾਂ ਅਧਿਕਾਰੀਆਂ ਨੇ ਡਾਕਟਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਚਾਹੁੰਦੀ ਹੈ ਕਿ 14 ਫਰਵਰੀ ਨੂੰ ਚੰਡੀਗੜ੍ਹ 'ਚ ਕੇਂਦਰ



ਸਰਕਾਰ ਨਾਲ ਹੋਣ ਵਾਲੀ ਮੀਟਿੰਗ 'ਚ ਉਹ ਜ਼ਰੂਰ ਸ਼ਾਮਲ ਹੋਣ। ਦਸ ਦਿਨਾਂ ਵਿੱਚ ਕੇਂਦਰ ਸਰਕਾਰ ਦੇ ਅਧਿਕਾਰੀਆਂ ਦੀ ਇਥੇ ਇਹ ਦੂਜੀ ਫੇਰੀ ਹੈ। ਇਸ ਤੋਂ ਪਹਿਲਾਂ 18 ਜਨਵਰੀ ਨੂੰ ਕੇਂਦਰੀ ਖੇਤੀ ਵਿਭਾਗ ਦੇ ਜੁਆਇੰਟ ਸਕੱਤਰ ਪ੍ਰਿਯਾ ਮਿਸ਼ਰਾ ਦੀ ਅਗਵਾਈ ਹੇਠ ਇਥੇ ਆਏ ਅਧਿਕਾਰੀਆਂ ਦੇ ਵਫਦ ਨੇ ਡੱਲੇਵਾਲ ਦਾ ਹਾਲਚਾਲ ਜਾਨਣ ਸਣੇ ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਨੂੰ ਮੰਗਾਂ ਸਬੰਧੀ ਗੱਲਬਾਤ ਸ਼ੁਰੂ ਕਰਨ ਲਈ 14 ਫਰਵਰੀ ਨੂੰ ਕੇਂਦਰ ਸਰਕਾਰ ਵੱਲੋਂ ਮੀਟਿੰਗ ਦਾ ਸੱਦਾ ਦਿੱਤਾ ਸੀ। 13 ਫਰਵਰੀ ਨੂੰ ਲੱਗੇ ਕਿਸਾਨ ਮੋਰਚੇ ਨੂੰ ਸਾਲ ਪੂਰਾ ਹੋਣ 'ਤੇ ਰਤਨਪੁਰਾ, ਢਾਬੀਗੁੱਜਰਾਂ ਅਤੇ ਸ਼ੰਭੂ ਬਾਰਡਰ 'ਤੇ 11 ਤੋਂ 13 ਫਰਵਰੀ ਤੱਕ ਕੀਤੀਆਂ ਜਾਣ ਵਾਲੀਆਂ ਮਹਾ ਪੰਚਾਇਤਾਂ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਢਾਬੀਗੁੱਜਰਾਂ ਬਾਰਡਰ 'ਤੇ 'ਪੰਜਾਬ ਕਿਸਾਨ ਮਜਦੂਰ ਯੂਨੀਅਨ' ਦੇ ਸੂਬਾਈ ਪ੍ਰਧਾਨ ਸੁਖਜੀਤ ਸਿੰਘ ਹਰਦੋਝੰਡੇ ਦਾ ਦਾਅਵਾ ਹੈ ਕਿ ਇਨ੍ਹਾਂ ਮਹਾ ਪੰਚਾਇਤਾਂ ਪ੍ਰਤੀ ਭਾਰੀ ਉਤਸ਼ਾਹ ਹੈ।

# ਐੱਨਆਰਆਈ ਲੜਕੀ ਦੀ ਸ਼ਿਕਾਇਤ 'ਤੇ ਨੌਜਵਾਨ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ

**ਚੰਡੀਗੜ੍ਹ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਰਹਿੰਦੀ ਐੱਨਆਰਆਈ ਲੜਕੀ ਨੇ ਪਿੰਡ ਸੂਰੋ ਪੱਡਾ ਦੇ ਨੌਜਵਾਨ 'ਤੇ ਵਿਆਹ ਦਾ ਝਾਂਸਾ ਦੇ ਕੇ ਜਿਨਸੀ ਸ਼ੋਸ਼ਣ ਕਰਨ ਤੇ ਪੈਸੇ ਹੜੱਪਣ ਦਾ ਦੋਸ਼ ਲਾਉਂਦਿਆਂ ਥਾਣਾ ਮਹਿਤਾ 'ਚ ਲਿਖਤੀ ਸ਼ਿਕਾਇਤ ਕੀਤੀ ਹੈ। ਥਾਣਾ ਮਹਿਤਾ ਦੀ ਪੁਲੀਸ ਨੇ ਇਸ ਸਬੰਧੀ ਕੇਸ ਦਰਜ ਕਰ ਲਿਆ ਹੈ। ਵਿਨੀਪੈਗ ਵਾਸੀ ਲੜਕੀ ਨੇ ਦੱਸਿਆ ਕਿ ਉਹ ਲਗਪਗ ਸਾਢੇ ?ਤਿੰਨ ਸਾਲਾਂ ਤੋਂ ਕੈਨੇਡਾ ਰਹਿ ਰਹੀ ਹੈ। ਸੂਰੋ ਪੱਡਾ ਦਾ ਨੌਜਵਾਨ ਖੁਸ਼ਵੀਰ ਸਿੰਘ ਪੱਡਾ ਉਥੇ ਉਸ ਦੇ ਨਾਲ ਰਹਿੰਦਾ ਸੀ ਤੇ ਉਨ੍ਹਾਂ ਦਾ ਬਿਜਨੈੱਸ ਵੀ ਸਾਂਝਾ ਸੀ। ਉਸ ਨੇ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਉਸ ਨਾਲ ਸਬੰਧ ਬਣਾਏ। ਪੀੜਤ ਲੜਕੀ ਮੁਤਾਬਕ ਖੁਸ਼ਵੀਰ ਪਿਛਲੇ ਮਹੀਨੇ ਪੰਜਾਬ ਆਪਣੇ ਘਰ ਆ ਗਿਆ ਤੇ ਇੱਥੇ ਕਿਸੇ ਹੋਰ ਲੜਕੀ ਨਾਲ ਵਿਆਹ ਕਰਵਾਉਣ ਲਈ ਤਰੀਕ ਤੈਅ ਕਰ ਲਈ ਜਿਸ ਦਾ ਪਤਾ ਲੱਗਣ 'ਤੇ ਉਸ ਨੇ ਆਪਣੇ ਪਰਿਵਾਰ ਰਾਹੀਂ ਲੜਕੇ ਦੇ ਪਰਿਵਾਰ ਨਾਲ ਰਾਬਤਾ ਕੀਤਾ। ਖੁਸ਼ਵੀਰ ਦੇ ਪਿਤਾ ਪ੍ਰੇਮ ਸਿੰਘ ਨੇ ਉਸ ਦੇ ਪਰਿਵਾਰ ਦੀ ਜਾਤ ਵੱਖਰੀ ਹੋਣ ਦਾ ਹਵਾਲਾ ਦੇ ਕੇ ਵਿਆਹ ਤੋਂ ਜਵਾਬ ਦੇ ਦਿੱਤਾ। ਪੀੜਤ ਲੜਕੀ ਮੁਤਾਬਕ ਇਸ ਮਗਰੋਂ ਉਨ੍ਹਾਂ ਨੇ ਐੱਸਐੱਸਪੀ ਅੰਮ੍ਰਿਤਸਰ (ਦਿਹਾਤੀ) ਨੂੰ ਲਿਖਤੀ ਸ਼ਿਕਾਇਤ ਕੀਤੀ, ਜਿਸ 'ਤੇ ਉਨ੍ਹਾਂ ਨੇ ਪੁਲੀਸ ਥਾਣਾ ਮਹਿਤਾ ਦੇ ਮੁਖੀ ਨੂੰ ਦੋਵਾਂ ਪਰਿਵਾਰਾਂ ਦੀ ਸਹਿਮਤੀ ਕਰਵਾਉਣ ਦੀ ਹਦਾਇਤ ਕੀਤੀ ਪਰ ਥਾਣਾ ਮਹਿਤਾ ਦੇ ਮੁਖੀ ਵੱਲੋਂ ਤਸੱਲੀਬਖ਼ਸ਼ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਖਦਸ਼ਾ ਜਤਾਇਆ ਕਿ ਉਕਤ ਨੌਜਵਾਨ ਨੂੰ ਵਿਦੇਸ਼ ਭਜਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਕਰਕੇ ਉਨ੍ਹਾਂ ਨੇ ਅੱਜ ਦੁਬਾਰਾ ਮਾਮਲਾ ਐੱਸਐੱਸਪੀ ਦੇ ਧਿਆਨ 'ਚ ਲਿਆਂਦਾ। ਥਾਣਾ ਮਹਿਤਾ ਦੀ ਪੁਲੀਸ ਨੇ ਦੱਸਿਆ ਕਿ ਪੀੜਤ ਦੀ ਸ਼ਿਕਾਇਤ 'ਤੇ ਅੱਜ ਦੇਰ ਰਾਤ ਕੇਸ ਦਰਜ ਕਰ ਲਿਆ ਹੈ ਪਰ ਕੋਈ ਗ੍ਰਿਫ਼ਤਾਰੀ ਨਹੀਂ ਹੋਈ।

# ਰਾਜਪਾਲ ਵੱਲੋਂ ਬੀਐੱਸਐੱਫ ਦੇ 37 ਜਵਾਨਾਂ ਦਾ ਸਨਮਾਨ

## ਬੀਐੱਸਐੱਫ ਪੱਛਮੀ ਕਮਾਂਡ ਨੇ ਨਾਈਪਰ ਵਿੱਚ ਕਰਵਾਇਆ ਸਮਾਰੋਹ




ਸਨਮਾਨਿਤ ਬੀਐੱਸਐੱਫ ਦੇ ਜਵਾਨਾਂ ਨਾਲ ਰਾਜਪਾਲ ਗੁਲਾਬ ਚੰਦ ਕਟਾਰੀਆ।

**ਮੁਹਾਲੀ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਨੈਸ਼ਨਲ ਇੰਸਟੀਚਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ (ਨਾਈਪਰ) ਵਿੱਚ ਸੀਮਾ ਸੁਰੱਖਿਆ ਬਲ ਦੀ ਪੱਛਮੀ ਕਮਾਂਡ ਦੇ ਜਵਾਨਾਂ ਅਤੇ ਸੇਵਾਮੁਕਤ ਬੀਐੱਸਐੱਫ ਜਵਾਨਾਂ ਨੂੰ ਸ਼ਾਨਦਾਰ ਸੇਵਾਵਾਂ ਲਈ ਪੁਲੀਸ ਤਗ਼ਮਿਆਂ ਨਾਲ ਸਨਮਾਨਿਆ। ਇਨ੍ਹਾਂ ਵਿੱਚ ਸੇਵਾ ਕਰ ਰਹੇ ਤੇ ਸੇਵਾਮੁਕਤ ਬੀਐੱਸਐੱਫ ਜਵਾਨਾਂ ਸਣੇ 37 ਅਫ਼ਸਰ, ਅਧੀਨ ਅਫ਼ਸਰ ਅਤੇ ਹੋਰ ਰੈਂਕਾਂ ਦੇ ਮੁਲਾਜ਼ਮ ਸ਼ਾਮਲ ਹਨ। ਇਸ ਮੌਕੇ ਸ੍ਰੀ ਕਟਾਰੀਆ ਨੇ ਸ਼ਾਂਤੀ ਅਤੇ ਜੰਗ ਦੇ ਸਮੇਂ ਭਾਰਤ-ਪਾਕਿਸਤਾਨ ਤੇ ਭਾਰਤ-ਬੰਗਲਾਦੇਸ਼ ਸਰਹੱਦ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੁਰੱਖਿਅਤ ਰੱਖਣ ਵਿੱਚ ਬੀਐੱਸਐੱਫ ਅਫ਼ਸਰਾਂ ਅਤੇ ਜਵਾਨਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਸੰਸਦੀ ਅਤੇ ਵਿਧਾਨ ਸਭਾ ਚੋਣਾਂ ਦੌਰਾਨ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਤੇ ਅਤਿਵਾਦ ਵਿਰੋਧੀ ਮੁਹਿੰਮਾਂ ਦੌਰਾਨ ਰਾਜ ਸਰਕਾਰਾਂ ਨਾਲ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਵਿੱਚ ਫੋਰਸ ਦੇ ਯੋਗਦਾਨ ਤੇ ਸਹਾਇਤਾ ਦੀ ਸ਼ਲਾਘਾ ਕੀਤੀ। ਰਾਜਪਾਲ ਨੇ ਕਿਹਾ ਕਿ ਸੀਮਾ ਸੁਰੱਖਿਆ ਬਲ ਨਾ ਸਿਰਫ਼ ਭਾਰਤ ਦੀ 'ਰੱਖਿਆ ਦੀ ਪਹਿਲੀ ਕਤਾਰ' ਹੈ, ਸਗੋਂ ਇਹ 2 ਲੱਖ 70 ਹਜ਼ਾਰ ਸੈਨਿਕਾਂ ਦੀ ਤਾਕਤ ਨਾਲ ਦੁਨੀਆ ਦੀ ਸਭ ਤੋਂ ਵੱਡੀ ਸੀਮਾ ਸੁਰੱਖਿਆ ਬਲ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਭਾਰਤ-ਪਾਕਿ ਤੇ ਭਾਰਤ-ਬੰਗਲਾਦੇਸ਼ ਸਰਹੱਦ ਦੀ ਸੁਰੱਖਿਆ ਲਈ ਬੀਐੱਸਐੱਫ ਦੀਆਂ 193 ਬਟਾਲੀਅਨਾਂ ਤੇ 7 ਆਰਟਿਲਰੀ ਰੈਜ਼ੀਮੈਂਟਾਂ ਤਾਇਨਾਤ ਹਨ। ਕਸ਼ਮੀਰ ਘਾਟੀ ਵਿੱਚ ਘੁਸਪੈਠ ਵਿਰੋਧੀ ਅਪਰੇਸ਼ਨ ਤੇ ਉੜੀਸਾ ਤੇ ਛੱਤੀਸਗੜ੍ਹ 'ਚ ਨਕਸਲ ਵਿਰੋਧੀ ਅਪਰੇਸ਼ਨਾਂ 'ਚ ਬੀਐੱਸਐੱਫ ਦੇ ਜਵਾਨ ਤਾਇਨਾਤ ਹਨ। ਇਸ ਮੌਕੇ ਬੀਐਸਐਫ਼ ਦੇ ਏਡੀਜੀ ਸਤੀਸ਼ ਐਸ ਖੰਡਾਰੇ, ਰਾਜਪਾਲ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ, ਡੀਜੀਪੀ ਗੌਰਵ ਯਾਦਵ, ਡੀਸੀ ਆਸ਼ਿਕਾ ਜੈਨ ਹਾਜ਼ਰ ਸਨ।

# ਅਕਾਲੀ ਦਲ ਦੇ ਤਤਕਾਲੀ ਜ਼ਿਲ੍ਹਾ ਪ੍ਰਧਾਨ ਦੇ ਪੁੱਤਰਾਂ ਸਣੇ 8 ਨੂੰ ਉਮਰ ਕੈਦ

**ਫਤਹਿਗੜ੍ਹ ਸਾਹਿਬ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਅੱਜ ਕਤਲ ਕੇਸ ਦੇ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਜ਼ਿਲ੍ਹਾ ਪ੍ਰਧਾਨ ਜਥੇਦਾਰ ਸਵਰਨ ਸਿੰਘ ਚਨਾਰਥਲ ਦੇ ਦੋਵੇਂ ਪੁੱਤਰਾਂ ਬਲਵਿੰਦਰ ਸਿੰਘ ਅਤੇ ਸਾਬਕਾ ਸਰਪੰਚ ਗੁਰਮੁੱਖ ਸਿੰਘ ਸਣੇ 8 ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਇਸ ਸਬੰਧੀ ਐਡਵੋਕੇਟ ਦਲਵੀਰ ਸਿੰਘ ਮਾਂਗਟ ਨੇ ਦੱਸਿਆ ਕਿ 24 ਜੂਨ 2020 ਨੂੰ ਬਲਵਿੰਦਰ ਸਿੰਘ, ਸਾਬਕਾ ਸਰਪੰਚ ਗੁਰਮੁੱਖ ਸਿੰਘ ਨੇ ਆਪਣੇ 6 ਹੋਰ ਸਾਥੀਆਂ ਸਣੇ ਅਸਲੇ ਅਤੇ ਤੇਜ਼ਧਾਰ ਹਥਿਆਰਾਂ ਨਾਲ ਕੁਲਵਿੰਦਰ ਸਿੰਘ ਅਤੇ ਗੁਰਬਾਜ ਸਿੰਘ ਸਣੇ 7 ਵਿਅਕਤੀਆਂ 'ਤੇ ਹਮਲਾ ਕੀਤਾ ਸੀ। ਇਸ ਕਾਰਨ ਕੁਲਵਿੰਦਰ ਸਿੰਘ ਦੀ ਮੌਤ ਹੋ ਗਈ ਅਤੇ ਛੇ ਵਿਅਕਤੀ ਜ਼ਖਮੀ ਹੋ ਗਏ ਸਨ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਪਿੰਡ ਚਨਾਰਥਲ ਖੁਰਦ ਦੀ ਪੰਚਾਇਤੀ ਜ਼ਮੀਨ ਦੇ ਤਬਾਦਲੇ ਨੂੰ ਲੈ ਕੇ ਵਾਪਰਿਆ ਸੀ।

ਇਸ ਸਬੰਧੀ ਪੁਲੀਸ ਨੇ ਕੇਸ ਦਰਜ ਕੀਤਾ ਸੀ। ਇਸ ਮੌਕੇ ਪੀੜਤ ਪਰਿਵਾਰ ਦੇ ਗੁਰਬਾਜ਼ ਸਿੰਘ ਨੇ ਕਿਹਾ ਕਿ ਸਚਾਈ ਦੀ ਜਿੱਤ ਹੋਈ ਹੈ ਅਤੇ ਉਹ ਫ਼ੈਸਲੇ ਤੋਂ ਖੁਸ਼ ਹਨ।

# ਪੰਜਾਬ ਕੈਬਨਿਟ ਦੀ ਮੀਟਿੰਗ 10 ਨੂੰ

**ਚੰਡੀਗੜ੍ਹ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਵਰ੍ਹੇ ਦੀ ਪਹਿਲੀ ਕੈਬਨਿਟ ਮੰਤਰੀ 10 ਫਰਵਰੀ ਨੂੰ ਸੱਦ ਲਈ ਹੈ। ਇਹ ਮੀਟਿੰਗ ਸਵੇਰੇ 11 ਵਜੇ ਪੰਜਾਬ ਸਿਵਲ ਸਕੱਤਰੇਤ-1 'ਚ ਦੂਜੀ ਮੰਜ਼ਿਲ 'ਤੇ ਹੋਵੇਗੀ। ਪਹਿਲਾਂ ਅੱਜ ਸਵੇਰੇ ਸੂਬਾ ਸਰਕਾਰ ਨੇ ਕੈਬਨਿਟ ਦੀ ਮੀਟਿੰਗ 6 ਫਰਵਰੀ ਨੂੰ ਸੱਦੀ ਸੀ, ਪਰ ਕੁਝ ਸਮੇਂ ਬਾਅਦ ਹੀ ਤਰੀਕ ਬਦਲ ਕੇ 10 ਫਰਵਰੀ ਕਰ ਦਿੱਤੀ ਗਈ। ਪੰਜਾਬ ਸਰਕਾਰ ਵੱਲੋਂ ਕੈਬਨਿਟ ਮੀਟਿੰਗ ਦਾ



ਏਜੰਡਾ ਹਾਲੇ ਜਾਰੀ ਨਹੀਂ ਕੀਤਾ ਗਿਆ ਹੈ, ਜਿਸ ਨੂੰ ਬਾਅਦ 'ਚ ਤੈਅ ਕੀਤਾ ਜਾਵੇਗਾ। ਇਸ ਦੌਰਾਨ ਪੰਜਾਬ ਕੈਬਨਿਟ ਵੱਲੋਂ ਕਈ ਲੋਕ ਪੱਖੀ ਫੈਸਲੇ ਲਏ ਜਾ ਸਕਦੇ ਹਨ।

# ਵਰਲਡ ਪੰਜਾਬੀ ਸੈਂਟਰ ਵੱਲੋਂ ਲਘੂ ਫਿਲਮ 'ਡੈੱਥ ਡੇਅ' ਦੀ ਵਿਸ਼ੇਸ਼ ਸਕਰੀਨਿੰਗ




**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਵੱਲੋਂ ਸਹਿਰਾਬ ਪ੍ਰੋਡੱਕਸ਼ਨ ਅਤੇ ਸਾਰਥਕ ਰੰਗਮੰਚ ਦੇ ਸਹਿਯੋਗ ਨਾਲ ਪੰਜਾਬੀ ਲਘੂ ਫਿਲਮ 'ਡੈੱਥ ਡੇਅ' ਦੀ ਸਪੈਸ਼ਲ ਸਕਰੀਨਿੰਗ ਕੀਤੀ ਗਈ। ਬੰਗਾਲੀ ਲੇਖਕ ਰਮਾਨਾਥ ਰਾਏ ਦੀ ਕਹਾਣੀ 'ਤੇ ਆਧਾਰਿਤ ਇੱਕ ਘੰਟੇ ਦੀ ਅਵਧੀ ਵਾਲੀ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਉਜਾਗਰ ਕਰਦੀ ਇਸ ਫ਼ਿਲਮ ਦਾ ਨਿਰਦੇਸ਼ਨ ਡਾ. ਲੱਖਾ ਲਹਿਰੀ ਨੇ ਕੀਤਾ।

ਫ਼ਿਲਮ ਵਿੱਚ ਇੱਕ ਬਜ਼ੁਰਗ ਬਿਸ਼ਨ ਸਿੰਘ ਮਰਨ ਤੋਂ ਪਹਿਲਾਂ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਪੁੱਤ-ਪੋਤਿਆਂ ਨੂੰ ਮਿਲਣਾ ਚਾਹੁੰਦਾ ਹੈ। ਪਰ ਬੱਚੇ ਉਸ ਤੋਂ ਮਰਨ ਦੀ ਤਰੀਕ ਪੁੱਛਦੇ ਹਨ ਤਾਂ ਜੋ ਉਹ ਇੱਕੋ ਵਾਰੀ ਆ ਕੇ ਮਿਲ ਵੀ ਜਾਣ ਤੇ ਕਿਰਿਆਕ੍ਰਮ ਵੀ ਕਰ ਜਾਣ। ਇਸ 'ਤੇ ਉਹ ਮਰਨ ਦੀ ਤਰੀਕ ਜਾਨਣ ਲਈ, ਡਾਕਟਰ, ਪੰਡਿਤ, ਬਾਬਿਆਂ ਕੋਲ ਜਾਂਦਾ ਹੈ। ਬਿਸ਼ਨ ਸਿੰਘ ਦਾ ਕਿਰਦਾਰ ਅਵਤਾਰ ਅਰੋੜਾ ਨੇ ਪਾਤਰ ਵਿੱਚ ਵਿਲੀਨ ਹੋ ਕੇ ਕੀਤਾ। ਉਸ ਦੇ ਹਰ ਭਾਵ, ਅਦਾ ਤੇ ਚਾਲ-ਢਾਲ ਤੋਂ ਪਾਤਰ ਦੀਆਂ ਪਰਤਾਂ ਝਲਕਦੀਆਂ ਸਨ।

ਬਾਕੀ ਕਲਾਕਾਰਾਂ ਵਿੱਚ ਅਨੀਤਾ ਸ਼ਬਦੀਸ਼, ਭੁਪਿੰਦਰ ਬਰਨਾਲਾ, ਨਵੀਨ ਸ਼ਰਮਾ, ਐੱਮਐੱਮ ਸਿਆਲ, ਅਸ਼ੋਕ ਟਾਂਗਰੀ, ਮਲਕੀਤ ਮੀਤ ਆਦਿ ਕਲਾਕਾਰਾਂ ਨੇ ਵੀ ਕਮਾਲ ਦੀ ਅਦਾਕਾਰੀ ਕੀਤੀ। ਸਕਰੀਨਿੰਗ ਤੋਂ ਬਾਅਦ ਫਿਲਮ 'ਤੇ ਵਿਚਾਰ-ਚਰਚਾ ਵਿੱਚ ਅਜਾਇਬ ਸਿੰਘ ਚੱਠਾ, ਪ੍ਰੀਤ ਮਹਿੰਦਰ ਸੇਖੋਂ, ਡਾ. ਗੁਰਨਾਮ ਵਿਰਕ, ਨਰੇਸ਼ ਮਿੱਤਲ, ਡਾ. ਇੰਦਰਜੀਤ ਕੌਰ ਹਿੱਸਾ ਲਿਆ। ਡਾ. ਭੀਮ ਇੰਦਰ ਸਿੰਘ (ਡਾਇਰੈਕਟਰ, ਵਰਲਡ ਪੰਜਾਬੀ ਸੈਂਟਰ) ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ।

# 'ਆਪ' ਸਰਕਾਰ ਔਰਤਾਂ ਨੂੰ ਹਜ਼ਾਰ ਰੁਪਏ ਦੇਣ 'ਚ ਨਾਕਾਮ: ਬਾਜਵਾ

**ਚੰਡੀਗੜ੍ਹ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਵਿੱਚ ਨਾਕਾਮ ਰਹਿਣ ਦੀ ਆਲੋਚਨਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਮਦਨ ਕਰ ਅਦਾ ਕਰਨ ਵਾਲੀਆਂ ਮਹਿਲਾ ਵੋਟਰਾਂ ਦੇ ਅੰਕੜੇ ਇਕੱਠੇ ਕੀਤੇ ਜਾ ਰਹੇ ਹਨ। ਜੇ ਇਹ ਯੋਜਨਾ ਲਾਗੂ ਹੋ ਜਾਂਦੀ ਹੈ ਤਾਂ ਆਮਦਨ ਕਰ ਨਾ ਅਦਾ ਕਰਨ ਵਾਲੀਆਂ ਔਰਤਾਂ ਨੂੰ ਹੀ ਹਜ਼ਾਰ ਰੁਪਏ ਮਹੀਨਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਔਰਤਾਂ



ਨੂੰ ਹਜ਼ਾਰ ਰੁਪਏ ਮਹੀਨਾ ਦੇਣ ਦੇ ਫ਼ੈਸਲੇ ਨੂੰ ਢਾਲਣ ਲਈ ਆਣੇ-ਬਹਾਨੇ ਲਗਾ ਕੇ ਸ਼ਰਤਾਂ ਲਗਾਉਣ ਲੱਗੀ ਹੋਈ ਹੈ, ਜਿਸ ਵੱਲੋਂ ਆਮਦਨ ਕਰ ਅਦਾ ਕਰਨ ਦੀ ਮੁੱਖ ਸ਼ਰਤ ਦੇ ਨਾਲ-ਨਾਲ ਹੋਰ ਵੀ ਕਈ ਤਰ੍ਹਾਂ ਦੀਆਂ ਪਾਬੰਦੀ ਲਗਾਈਆਂ ਜਾ ਸਕਦੀਆਂ ਹਨ।

ਸ੍ਰੀ ਬਾਜਵਾ ਨੇ ਕਿਹਾ ਕਿ 'ਆਪ' ਨੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ। ਹੁਣ ਸੱਤਾ 'ਚ ਆਉਣ ਮਗਰੋਂ 'ਆਪ' ਸਰਕਾਰ ਇਸ ਯੋਜਨਾ ਨੂੰ ਸਿਰਫ਼ ਗੈਰ-ਆਮਦਨ ਕਰ ਅਦਾ ਕਰਨ ਵਾਲੀਆਂ ਔਰਤਾਂ ਤੱਕ ਵਧਾਉਣ ਦੀ ਯੋਜਨਾ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਨੇ ਦਿੱਲੀ 'ਚ ਵੀ ਔਰਤਾਂ ਨੂੰ 2100 ਰੁਪਏ ਮਹੀਨਾ ਦੇਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੇ ਵੋਟਰਾਂ ਨੂੰ ਪੰਜਾਬ ਦੀ ਮਿਸਾਲ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਨੂੰ ਸੱਤਾ ਤੋਂ ਲਾਂਭੇ ਕਰਨਾ ਚਾਹੀਦਾ ਹੈ।

# ਜ਼ਿਲ੍ਹੇ 'ਚ ਵੱਖ-ਵੱਖ ਪਾਬੰਦੀਆਂ ਲਾਗੂ : ਜ਼ਿਲ੍ਹਾ ਮੈਜਿਸਟ੍ਰੇਟ

**ਬਠਿੰਡਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਭਾਰਤੀ ਨਾਗਰਿਕ ਸੁਰਖਿਆ ਸੰਹਿਤਾ ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮ ਅਨੁਸਾਰ ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਟ੍ਰੈਕਟਰਾਂ ਤੇ ਸਬੰਧਤ ਸੰਦਾਂ ਆਦਿ ਦੇ ਖਤਰਨਾਕ ਪ੍ਰਦਰਸ਼ਨ/ ਸਟੰਟ ਕਰਨ ਨੂੰ ਆਯੋਜਿਤ ਕਰਨ 'ਤੇ ਪੂਰਨ ਰੋਕ ਲਗਾਈ ਗਈ ਹੈ।

ਇਕ ਹੋਰ ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਹੋਰ ਵਿਅਕਤੀ ਪ੍ਰੀਗਾਬਾਲਿਨ 75 ਐਮਜੀ ਦੀ ਅਸਲ ਪਰਚੀ ਤੋਂ ਬਿਨਾਂ ਨਹੀਂ ਵੇਚੇਗਾ। ਪ੍ਰੀਗਾਬਾਲਿਨ (75 ਮਿਲੀਗ੍ਰਾਮ ਤੱਕ) ਦੀ ਖਰੀਦ ਅਤੇ ਵਿਕਰੀ ਦਾ ਸਹੀ ਰਿਕਾਰਡ ਰੱਖਣ ਤੋਂ ਇਲਾਵਾ, ਉਹ ਇਨ੍ਹਾਂ ਵੇਰਵਿਆਂ ਕੈਮਿਸਟ/ਰਿਟੇਲਰ ਦਾ ਵਪਾਰਕ ਨਾਮ, ਵੰਡਣ ਦੀ ਮਿਤੀ, ਵੰਡੀਆਂ ਗਈਆਂ ਗੋਲੀਆਂ ਦੀ ਸੰਖਿਆ ਵਾਲੀ ਅਸਲ ਪਰਚੀ 'ਤੇ ਮੋਹਰ ਵੀ ਲਗਾਉਣਾ ਯਕੀਨੀ ਬਣਾਉਣਗੇ।

ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਜ਼ਿਲ੍ਹੇ ਦੀ ਖੇਤਰੀ ਸੀਮਾ ਦੇ ਅੰਦਰ ਕਿਸੇ ਵੀ ਮੇਲੇ, ਧਾਰਮਿਕ ਜਲੂਸ, ਵਿਆਹ-



ਸ਼ਾਦੀ, ਜਲੂਸ ਜਾਂ ਕਿਸੇ ਹੋਰ ਇਕੱਠ ਜਾਂ ਕਿਸੇ ਵਿਦਿਅਕ ਅਦਾਰੇ, ਕੈਂਪਸ ਦੀ ਹਦੂਦ ਅੰਦਰ ਜਾਂ ਅਹਾਤੇ ਅੰਦਰ ਕੋਈ ਵੀ ਵਿਅਕਤੀ ਹਥਿਆਰ ਨਹੀਂ ਲੈ ਕੇ ਜਾਵੇਗਾ।

ਜ਼ਿਲ੍ਹੇ ਦੀ ਖੇਤਰੀ ਸੀਮਾ ਦੇ ਅੰਦਰ ਕਿਸੇ ਵੀ ਸਥਾਨ 'ਤੇ ਕੋਈ ਵੀ ਜਨਤਾ ਦਾ ਮੈਂਬਰ ਕਿਸੇ ਵੀ ਤਿੱਖੇ ਧਾਰ ਵਾਲੇ ਹਥਿਆਰਾਂ/ਬੰਦੂਕ ਹਥਿਆਰਾਂ ਸਮੇਤ ਹਥਿਆਰਾਂ ਦੀ ਨਿਸ਼ਾਨਦੇਹੀ ਜਾਂ ਪ੍ਰਦਰਸ਼ਨ ਨਹੀਂ ਕਰੇਗਾ।

ਹੁਕਮ ਅਨੁਸਾਰ ਜਨਤਾ ਦਾ ਕੋਈ ਵੀ ਮੈਂਬਰ ਸ਼ੋਸਲ ਮੀਡੀਆਂ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ ਜਾਂ ਪ੍ਰਮੋਸ਼ਨ ਕਰਨ ਵਾਲੀ ਕੋਈ ਤਸਵੀਰ ਜਾਂ ਵੀਡੀਓ ਅਪਲੋਡ ਨਹੀਂ ਕਰੇਗਾ ਅਤੇ ਨਾ ਹੀ ਹਥਿਆਰਾਂ ਦੀ ਵਰਤੋਂ ਦੀ ਵਡਿਆਈ ਕਰਨ ਵਾਲਾ ਕੋਈ ਟੈਕਸਟ ਪੋਸਟ ਪਾਵੇਗਾ ਤੇ ਨਾ ਸ਼ੇਅਰ ਕਰੇਗਾ। ਕੋਈ ਵੀ ਵਿਅਕਤੀ ਕਿਸੇ ਵੀ ਸਮਾਗਮ/ਕਾਰਜ/ਪ੍ਰੋਗਰਾਮ ਆਦਿ 'ਚ ਕੋਈ ਅਜਿਹਾ ਗੀਤ ਨਹੀਂ ਗਾਏਗਾ ਅਤੇ ਨਾ ਹੀ ਅਜਿਹਾ ਕੋਈ ਨਾਟਕ ਖੇਡੇਗਾ, ਜਿਸ ਨਾਲ ਹਥਿਆਰਾਂ ਦੀ ਪ੍ਰਦਰਸ਼ਨੀ ਜਾਂ ਪ੍ਰਮੋਸ਼ਨ ਹੁੰਦੀ ਹੋਵੇ।

ਇਹ ਹੁਕਮ ਆਰਮਡ ਫੋਰਸਿਜ਼ ਦੇ ਮੈਂਬਰਾਂ, ਪੁਲਿਸ, ਹੋਮ ਗਰੇਡਾਂ ਜਾਂ ਅਜਿਹੇ ਹੋਰ ਸਰਕਾਰੀ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਵੇਗਾ ਜਿਨ੍ਹਾਂ ਕੋਲ ਰਾਜ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਹਥਿਆਰ ਹਨ, ਜੋ ਸੁਰੱਖਿਆ ਗਾਰਡਾਂ ਦੇ ਕਰਮਚਾਰੀ ਵਿਦਿਅਕ ਅਤੇ ਵਪਾਰਕ ਅਦਾਰੇ ਹੋਟਲ ਵਿਆਹ ਸਥਾਨ ਆਦਿ 'ਤੇ ਆਪਣੀ ਡਿਊਟੀ ਨਿਭਾਅ ਰਹੇ ਹਨ 'ਤੇ ਲਾਗੂ ਨਹੀਂ ਹੋਵੇਗਾ।

ਇਹ ਹੁਕਮ 31 ਮਾਰਚ 2025 ਤੱਕ ਲਾਗੂ ਰਹਿਣਗੇ।

# ਜੋਤਿਸ਼ ਅਤੇ ਵਾਸਤੂ ਸੰਮੇਲਨ ਦਾ ਹੋਇਆ ਆਯੋਜਨ




**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚ ਤੱਤਵ ਸਪਰਿਚੁਅਲ ਅਤੇ ਚੈਰੀਟੇਬਲ ਟਰੱਸਟ ਦੁਆਰਾ ਮੁੰਬਈ ਵਿਖੇ ਜੋਤਿਸ਼ ਅਤੇ ਵਾਸਤੂ ਸੰਮੇਲਨ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਦੇਸ਼ ਭਰ ਤੋਂ ਇਲਾਵਾਂ ਚੰਡੀਗੜ, ਪਟਿਆਲਾ ਤੋਂ ਵਿਦਵਾਨ ਜੋਤਿਸ਼ਚਾਰਿਆਂ ਨੇ ਵੱਡੇ ਪੱਧਰ ਤੇ ਭਾਗ ਲਿਆ । ਇਸ ਮੌਕੇ ਸੰਸਥਾ ਦੀ ਸੰਸਥਾਪਕ ਅਤੇ ਪ੍ਰਧਾਨ ਜੋਤਿਸ਼ਚਾਰਿਆ ਮੀਨਾ ਕੁਮਾਰੀ ਨੇ ਜੋਤੀਸ਼ ਨੂੰ ਅਧਿਆਤਮ ਨਾਲ ਜੋੜਦੇ ਹੋਏ ਦੱਸਿਆ ਕਿ ਪਰਾਣਾਯਾਮ ਅਤੇ ਬੀਜ ਮੰਤਰੋ ਦੁਆਰਾ ਅਸੀਂ ਆਪਣੇ ਜੀਵਨ ਵਿੱਚ ਸਕੂਨ ਅਤੇ ਸੁੱਖ ਦੀ ਪ੍ਰਾਪਤੀ ਕਰ ਸਕਦੇ ਹਾਂ। ਮੰਚ ਦਾ ਸੰਚਾਲਨ ਕਰ ਰਹੇ ਜੋਤਿਸ਼ਚਾਰਿਆ ਗੁਰੂ ਕੁਮਾਰ ਵਿਨੋਦ ਜੀ ਨੇ ਕਿਹਾ ਕਿ ਜੋਤਿਸ਼ ਦੇ ਮਾਧਿਅਮ ਰਾਹੀਂ ਕਿਸੀ ਵੀ ਵਿਅਕਤੀ ਦੀ ਸਹੀ ਜਨਮ ਤਿਥੀ ਅਤੇ ਟਾਈਮ ਕੱਢਿਆ ਜਾ ਸਕਦਾ ਹੈ। ਉਹ ਵੀ ਪ੍ਰਸ਼ਨ ਕੁੰਡਲੀ ਦੇ ਮਾਧਿਅਮ ਰਾਹੀਂ।

ਉਨ੍ਹਾਂ ਨੇ ਕਿਹਾ ਕਿ 70 ਪ੍ਰਤੀਸ਼ਤ ਲੋਕਾਂ ਨੂੰ ਉਨਾਂ ਦੀ ਜਨਮ ਤਰੀਕ ਦਾ ਪਤਾ ਨਹੀਂ ਹੁੰਦਾ। ਜਿਸ ਕਾਰਨ ਉਹ ਜੋਤਿਸ਼ ਵਿਗਿਆਨ ਅਤੇ ਗੜਨਾ ਦਾ ਸਹੀ ਲਾਭ ਨਹੀਂ ਉਠਾ ਸਕਦੇ ਹਨ। ਅਤੀ ਵਿਸ਼ੇਸ ਮਹਿਮਾਨ ਦੇ ਤੌਰ ਤੇ ਜੋਤਿਸ਼ਚਾਰਿਆ ਨੀਲਮਾ ਜੋਸ਼ੀ, ਪੰਡਿਤ ਨਰਿੰਦਰ ਸ਼ਰਨ, ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪੰਡਿਤ ਰਜੀਵ ਸ਼ਰਮਾ, ਡਾ. ਯੋਗੇਸ਼ਵਰ ਗੋੜਾ, ਦੀਨਾ ਨਾਥ ਸਾਹੂ, ਡਾ. ਹਿਨਾ ਓਝਾ, ਪੰਡਿਤ ਵਿਨੋਦ ਸ਼ਾਸਤਰੀ, ਡਾ.ਸੁਕੇਸ ਤ੍ਰਿਤੇਰੀਆ, ਅਧਿਆਤਮਿਕ ਗੁਰੂ ਆਤਮਾ ਨਾਭੀ, ਡਾ. ਰਾਜ ਕੁਮਾਰ ਅਗਰਵਾਲ, ਮੀਨੂ ਸ਼ਰਮਾ, ਪੰਡਿਤ ਨਰਿੰਦਰ ਸ਼ਰਨ, ਪੰਡਿਤ ਰਾਜੀਵ ਸ਼ਰਮਾ, ਸ਼ਿਵਾਨੀ ਕਸ਼ਯਪ, ਰਿਤੂ ਪਾਂਡੇ, ਸੁਨੀਲ ਸੋਨੀ, ਮੋਨਿਕਾ ਹਰਿਰਾਮਨੀ, ਅਸ਼ਵਿਨ ਵਿਆਸ, ਨਿਸ਼ਾ ਭੱਟੀ, ਗੋਵਰਧਨ ਦਸਾਈ, ਮੋਲੀ ਰਾਵਲ, ਰਿੰਕੂ ਦਾਮਨੀ, ਰਿੰਕੂ ਚੌਹਾਨ, ਪ੍ਰੀਤੀ ਜੋਸ਼ੀ, ਸਾਗਰ ਭੋਰੇ ਆਦਿ ਹਾਜ਼ਰ ਸਨ।

## ਅੰਬੇਡਕਰ ਦਾ ਬੁੱਤ ਤੋੜਨ ਦੀ ਨਿਖੇਧੀ



**ਪਾਤੜਾਂ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਦਿਨੀ ਅੰਮ੍ਰਿਤਸਰ ਵਿਖੇ ਇਕ ਨੌਜਵਾਨ ਵਲੋਂ ਸਵਿੰਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ ਬੁੱਤ ਤੋੜਨ ਦੀ ਘਟੀਆ ਹਰਕਤ ਕੀਤੀ ਗਈ। ਇਸ ਘਟਨਾ ਦੀ ਸਮਾਣਾ ਵਿਧਾਨ ਸਭਾ ਹਲਕੇ ਤੋਂ ਸੀਨੀਅਰ ਅਕਾਲੀ ਆਗੂ ਅਮਰਜੀਤ ਸਿੰਘ ਪੰਜਰਥ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਪੰਜਰਥ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਸਮਾਜ ਦੇ ਵਿੱਚ ਨਫ਼ਰਤ ਪੈਦਾ ਕਰਦੀਆਂ ਹਨ। ਪੰਜਰਥ ਨੇ ਫੜੇ ਗਏ ਕਥਿਤ ਦੋਸ਼ੀ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਦੀ ਮੰਗ ਕਰਦੇ ਹੋਏ ?ਕਿਹਾ ਕਿ ਜੇਕਰ ਇਸ ਘਟੀਆ ਕਾਰਵਾਈ ਕਰਨ ਵਾਲੇ ਵਿਆਕਤੀ ਵਿਰੁਧ ਸਖਤ ਕਾਰਵਾਈ ਕੀਤੀ ਜਾਂਦੀ ਹੈ ਤਾਂ ਅੱਗੇ ਤੋਂ ਅਜਿਹੀਆਂ ਘਟਨਾਵਾਂ ਕਰਨ ਦੀ ਹਿੰਮਤ ਨਹੀਂ ਪਵੇਗੀ।

ਅਮਰਜੀਤ ਸਿੰਘ ਪੰਜਰਥ ਨੇ ਕਿਹਾ ਕਿ ਬਾਬਾ ਸਾਹਿਬ ਦਾ ਭਾਰਤ ਦੇਸ਼ ਵਿੱਚ ਵਿਸ਼ੇਸ਼ ਸਨਮਾਨ ਹੈ ਅਜਿਹੀ ਘਟਨਾਵਾਂ ਹੋਣੀਆਂ ਬੇਹੱਦ ਚਿੰਤਾਜਨਕ ਹਨ ਇਸ ਸਮੇਂ ਪੰਜਰਥ ਦੇ ਨਾਲ ਐਸੀ ਵਿੰਗ ਦੇ ਮੀਤ ਪ੍ਰਧਾਨ ਗੁਰਸੇਵ ਸਿੰਘ ਕੁਲਬੁਰਸਾ ਆਦਿ ਵੀ ਹਾਜ਼ਰ ਸਨ।

# ਜਨਰਲ /ਬੀਸੀ ਅਧਿਆਪਕ ਮੰਚ ਪੰਜਾਬ ਵੱਲੋਂ ਬੀਪੀਈਓ ਬਲਾਕ ਭਾਦਸੋਂ-1 ਅਖ਼ਤਰ ਸਲੀਮ ਸਨਮਾਨਿਤ ਅਤੇ ਕੈਲੰਡਰ ਕੀਤਾ ਰਿਲੀਜ




**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਪੀਈਓ ਦਫਤਰ ਭਾਦਸੋਂ-1 ਵਿਖੇ ਜਨਰਲ / ਬੀਸੀ ਅਧਿਆਪਕ ਮੰਚ ਪੰਜਾਬ ਵਲੋਂ ਬਲਾਕ ਭਾਦਸੋਂ-1 ਦੇ ਬੀਪੀਈਓ ਸ੍ਰੀ ਅਖਤਰ ਸਲੀਮ ਜੀ ਨੂੰ ਸਨਮਾਨਿਤ ਕੀਤਾ ਗਿਆ ਅਤੇ ਜਥੇਬੰਦੀ ਦਾ ਕੈਲੰਡਰ ਰਿਲੀਜ਼ ਕੀਤਾ ਗਿਆ। ਇਸ ਦੌਰਾਨ ਬਲਾਕ ਭਾਦਸੋ-1 ਅਤੇ ਬਾਬਰਪੁਰ ਦੇ ਅਧਿਆਪਕਾਂ ਨੇ ਹਿੱਸਾ ਲਿਆ। ਮੰਚ ਦੇ ਸੂਬਾ ਪ੍ਰਧਾਨ ਮਨੋਜ ਘਈ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਇੱਕ ਪ੍ਰਾਇਮਰੀ ਜਿਲਾ ਸਿੱਖਿਆ ਦਫ਼ਤਰ ਵੱਲੋਂ ਸੈਂਟਰ ਹੈੱਡ ਟੀਚਰ ਦੀਆਂ ਗਲਤ ਪ੍ਰਮੋਸ਼ਨਾਂ ਕਰ ਦੇਣ ਕਾਰਨ ਇਹ ਮੰਚ ਬਣਾਉਣਾ ਪਿਆ ਸੀ ਜਿਸ ਦੇ ਸਬੰਧ ਵਿੱਚ ਦੋ ਕੇਸ ਹਾਈਕੋਰਟ ਵਿੱਚ ਚੱਲ ਰਹੇ ਹਨ ਸਾਨੂੰ ਉਮੀਦ ਹੈ ਕਿ ਛੇਤੀ ਹੀ ਜਿੱਤ ਪ੍ਰਾਪਤ ਕਰਾਂਗੇ। ਸਾਡਾ ਮੁੱਖ ਮੁੱਦਾ ਹੀ ਜਨਰਲ ਅਤੇ ਬੀਸੀ ਅਧਿਆਪਕਾਂ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨਾ ਹੈ। ਬਲਾਕ ਪ੍ਰਧਾਨ ਸੁਖਮਨਪ੍ਰੀਤ ਸਿੰਘ ਚੌਹਾਨ ਅਤੇ ਬਬਰਪੁਰ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਅਸੀਂ ਅਧਿਆਪਕਾਂ ਹੱਕਾਂ ਦੀ ਰਾਖੀ ਲਈ ਹਰ ਵਕਤ ਨਾਲ ਖੜੇ ਹਾਂ। ਕਿਹਾ ਕਿ ਕਿਸੇ ਵੀ ਵਰਗ ਨਾਲ ਧੱਕਾ ਨਹੀਂ ਹੋਣਾ ਚਾਹੀਦਾ ਜੇਕਰ ਕਿਸੇ ਵੀ ਵਰਗ ਨਾਲ ਧੱਕਾ ਹੁੰਦਾ ਹੈ ਤਾਂ ਅਸੀਂ ਉਸਦਾ ਡੱਟ ਕੇ ਵਿਰੋਧ ਕਰਾਂਗੇ।

ਅੱਜ ਦੇ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਪਰਵੀਨ ਸ਼ਰਮਾ ਜਨਰਲ ਸਕੱਤਰ, ਭੁਪਿੰਦਰ ਸਿੰਘ ਸੀਐਚਟੀ, ਮੀਤ ਪ੍ਰਧਾਨ ਮਨਜੀਤ ਸਿੰਘ ਪਾਲੀਆ ਮੀਤ ਪ੍ਰਧਾਨ, ਅਵਤਾਰ ਸਿੰਘ ਮਾਨ, ਬਿਕਰਮਦੀਪ ਸਿੰਘ, ਜਸਪਾਲ ਸਿੰਘ ਧਾਰੋਕੀ, ਰਜੇਸ਼ ਕੁਮਾਰ ਮਿੱਡਾ, ਹਰਿੰਦਰ ਸਿੰਘ ਸੋਹੀ, ਹੈਡ ਮਾਸਟਰ ਮਨਮੋਹਨ ਕੁਮਾਰ, ਰਵੀ ਕੁਮਾਰ ,ਗੁਰਵਿੰਦਰ ਸਿੰਘ, ਪ੍ਰਗਟ ਸਿੰਘ ਕੋਟ ਕਲਾ,ਹਰੀਸ਼ ਕੁਮਾਰ,ਲਖਵਿੰਦਰ ਸਿੰਘ ਚੀਮਾਂ, ਗੁਰਤੇਜ ਸਿੰਘ ਸੀਐਚਟੀ, ਅਨਿਲ ਕੁਮਾਰ ਸੀਐਚਟੀ, ਪ੍ਰਦੀਪ ਕੁਮਾਰ ਸ਼ਰਮਾ, ਹਰਜਿੰਦਰ ਸਿੰਘ ਸੋਹੀ, ਰਮਨ ਸੇਠ, ਅਵਨਿੰਦਰ ਸਿੰਘ, ਜਗਜੀਤ ਸਿੰਘ,,ਨਰਿੰਦਰ ਸਿੰਘ, ਜਸਵਿੰਦਰ ਸਿੰਘ ਪੂਣੀਆਂ, ਹਰਜਿੰਦਰ ਸਿੰਘ ਸੋਹੀ, ਟੈਣੀ ਕੁਮਾਰ, ਸਰਵਰੋਹਿਤ ਡੱਲਾ, ਮਨੀਸ਼ ਠਾਕੁਰ, ਗੁਰਪ੍ਰੀਤ ਸਿੰਘ ,ਆਦਿ ਨੇ ਭਾਗ ਲਿਆ

## ਸੰਪਾਦਕੀ

# ਮਹਾਂਕੁੰਭ ਦੇ ਸੰਗਮ ਖੇਤਰ ਵਿਚ ਮਹਾਂਤਰਾਸਦੀ

ਪ੍ਰਯਾਗਰਾਜ ਵਿੱਚ ਮਹਾਕੁੰਭ ਦੇ ਸੰਗਮ ਖੇਤਰ ਵਿੱਚ ਮਚੀ ਭਗਦੜ ਦੀ ਘਟਨਾ ਨਾਲ ਜਿੱਥੇ ਦੁਨੀਆ ਭਰ ਵਿੱਚ ਮਸ਼ਹੂਰ ਭਾਰਤ ਦੇ ਇਸ ਮਹਾ ਮੇਲੇ ਦੀ ਸੋਭਾ ਧੁੰਦਲੀ ਹੋ ਗਈ ਹੈ, ਉੱਥੇ ਇਸ ਮੌਕੇ ਭੀੜ ਨੂੰ ਸੰਭਾਲਣ ਲਈ ਕੀਤੇ ਪ੍ਰਬੰਧਾਂ ਨੂੰ ਲੈ ਕੇ ਗੰਭੀਰ ਸਵਾਲ ਉੱਠਣੇ ਵੀ ਸੁਭਾਵਿਕ ਹਨ।

ਅਠਾਰਾਂ ਘੰਟੇ ਬੀਤਣ ਦੇ ਬਾਵਜੂਦ ਲੋਕ ਆਪਣੇ ਪਿਆਰਿਆਂ ਨੂੰ ਲੱਭ ਰਹੇ ਸਨ; ਜਾਣਕਾਰੀ ਦੀ ਘਾਟ ਅਤੇ ਸਰਕਾਰ ਦੀ ਸੰਵੇਦਨਹੀਣਤਾ ਦਾ ਆਲਮ ਇਹ ਰਿਹਾ ਕਿ ਅਠਾਰਾਂ ਘੰਟੇ ਬੀਤਣ ’ਤੇ ਵੀ ਘਟਨਾ ਬਾਰੇ ਕੋਈ ਅਧਿਕਾਰਤ ਸੂਚਨਾ ਨਹੀਂ ਦਿੱਤੀ ਗਈ ਕਿ ਭਾਜੜ ਦੌਰਾਨ ਕਿੰਨੇ ਲੋਕ ਮਾਰੇ ਗਏ ਹਨ, ਕਿੰਨੇ ਜ਼ਖ਼ਮੀ ਜਾਂ ਲਾਪਤਾ ਹਨ। ਹਰ ਵਾਰ ਮਹਾਕੁੰਭ ’ਤੇ ਕਰੋੜਾਂ ਸ਼ਰਧਾਲੂ ਪਹੁੰਚਦੇ ਹਨ ਪਰ ਇਸ ਵਾਰ ਇਹ ਤਾਦਾਦ ਹੋਰ ਵੀ ਜ਼ਿਆਦਾ ਦੱਸੀ ਜਾ ਰਹੀ ਹੈ। ਆਖ਼ਿਰ ਸ਼ਾਮ ਨੂੰ ਇੱਕ ਉਚ ਪੁਲੀਸ ਅਧਿਕਾਰੀ ਨੇ 30 ਮੌਤਾਂ ਅਤੇ 60 ਜਣਿਆਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਦਿੱਤੀ। ਅਨੁਮਾਨ ਲਾਇਆ ਜਾ ਰਿਹਾ ਹੈ ਕਿ ਬੁੱਧਵਾਰ ਨੂੰ ਅੰਮ੍ਰਿਤ ਇਸ਼ਨਾਨ ਲਈ ਕਰੀਬ 9 ਕਰੋੜ ਲੋਕ ਮੇਲੇ ਵਿੱਚ ਪਹੁੰਚੇ ਹੋਏ ਸਨ। ਐਨੀ ਤਾਦਾਦ ਵਿੱਚ ਭੀੜ ਨੂੰ ਸੰਭਾਲਣ ਦੇ ਪ੍ਰਬੰਧ ਹਮੇਸ਼ਾ ਚੁਣੌਤੀਪੂਰਨ ਹੁੰਦੇ ਹਨ ਪਰ ਇਸ ਵਾਰ ਉੱਤਰ ਪ੍ਰਦੇਸ਼ ਸਰਕਾਰ ਦਾ ਜ਼ਿਆਦਾ ਧਿਆਨ ਸ਼ਾਇਦ ਪ੍ਰਚਾਰ ’ਤੇ ਜ਼ਿਆਦਾ ਕੇਂਦਰਿਤ ਰਿਹਾ ਹੈ। ਭਗਦੜ ਮਚਣ ਦੇ ਕਾਰਨਾਂ ਬਾਰੇ ਵੀ ਅਧਿਕਾਰੀ ਮੂੰਹ ਨਹੀਂ ਖੋਲ੍ਹ ਰਹੇ ਪਰ ਕੁਝ ਮੀਡੀਆ ਰਿਪੋਰਟਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਰਾਤੀਂ ਕਰੀਬ ਡੇਢ ਵਜੇ ਨਾਗਾ ਸਾਧੂਆਂ ਦੇ ਸ਼ਾਹੀ ਇਸ਼ਨਾਨ ਦੇ ਆਉਣ ਦੀ ਗੱਲ ਫੈਲਣ ’ਤੇ ਉੱਥੇ ਮੌਜੂਦ ਲੋਕਾਂ ਅੰਦਰ ਹਫੜਾ-ਦਫੜੀ ਮਚ ਗਈ ਅਤੇ ਬੇਕਾਬੂ ਭੀੜ, ਬੈਠੇ ਆਰਾਮ ਕਰ ਰਹੇ ਲੋਕਾਂ ਨੂੰ ਦਰੜਦੀ ਚਲੀ ਗਈ।

ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੇ ਘਟਨਾ ਨੂੰ ਬਹੁਤੀ ਤਵੱਜੋ ਨਾ ਦੇ ਕੇ ਆਈ ਗਈ ਕਰਨ ਦੀ ਕੋਸ਼ਿਸ਼ ਕੀਤੀ ਹੈ, ਸ਼ਾਇਦ ਅਜਿਹਾ ਦਹਿਸ਼ਤ ਤੇ ਨਕਾਰਾਤਮਕ ਪ੍ਰਚਾਰ ਨੂੰ ਟਾਲਣ ਦੇ ਇਰਾਦੇ ਨਾਲ ਕੀਤਾ ਗਿਆ ਹੈ, ਭਾਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਸ਼ਰਧਾਲੂਆਂ ਨਾਲ ਸੰਵੇਦਨਾ ਜ਼ਾਹਿਰ ਕੀਤੀ ਹੈ ਜਿਨ੍ਹਾਂ ਆਪਣੇ ਪਰਿਵਾਰਕ ਮੈਂਬਰ ਗੁਆ ਲਏ ਹਨ। ਸਥਿਤੀ ਬੇਕਾਬੂ ਕਿਵੇਂ ਹੋਈ ਤੇ ਕਿਨ੍ਹਾਂ ਵੱਲੋਂ ਡਿਊਟੀ ’ਚ ਲਾਪਰਵਾਹੀ ਵਰਤੀ ਗਈ, ਇਹ ਜਾਣਨ ਲਈ ਗਹਿਰਾਈ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਜਾਣਕਾਰੀ ਗੁਪਤ ਰੱਖਣ ਨਾਲ ਕੇਵਲ ਅਫ਼ਵਾਹਾਂ ਫੈਲਣਗੀਆਂ ਤੇ ਗ਼ਲਤ ਸੂਚਨਾ ਲੋਕਾਂ ਤੱਕ ਪਹੁੰਚੇਗੀ। ਪ੍ਰਸ਼ਾਸਨ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਸੀ ਕਿ ਉਹ ਭੀੜ ਵਧਣ ਤੋਂ ਰੋਕਣ ਲਈ, ਜਿਹੜਾ ਵੀ ਪਹਿਲਾ ਘਾਟ ਉਨ੍ਹਾਂ ਨੂੰ ਮਿਲਦਾ ਹੈ, ਉੱਥੇ ਇਸ਼ਨਾਨ ਕਰਨ ’ਤੇ ਨਾਲ ਹੀ ਜ਼ੋਰ ਦਿੱਤਾ ਸੀ ਕਿ ਸੰਗਮ ’ਤੇ ਸਾਰੇ ਘਾਟਾਂ ਦੀ ਬਰਾਬਰ ਪਵਿੱਤਰਤਾ ਹੈ ਹਾਲਾਂਕਿ ਲੋੜ ਸੀ ਕਿ ਇਸ ਅਪੀਲ ਨੂੰ ਢੁੱਕਵੇਂ ਕਦਮਾਂ ਨਾਲ ਅਸਰਦਾਰ ਬਣਾਇਆ ਜਾਂਦਾ ਤਾਂ ਕਿ ਸ਼ਰਧਾਲੂ ਅਨੁਸ਼ਾਸਿਤ ਢੰਗ ਨਾਲ ਅੱਗੇ ਵਧਦੇ।

ਸੰਗਮ ’ਤੇ ਹੋਈ ਭਗਦੜ ਤੋਂ ਬਾਅਦ ਮੇਲਾ ਪ੍ਰਬੰਧਕਾਂ ਨੂੰ ਹੁਣ ਸੁਰੱਖਿਆ ਇੰਤਜ਼ਾਮਾਂ ਦੀ ਸਮੀਖਿਆ ਕਰ ਕੇ ਸੁਧਾਰ ਲਈ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਹਨ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ ਹੈ ਕਿ ਸਰਕਾਰ ਦੀ ਪਹਿਲੀ ਤਰਜੀਹ ਸ਼ਰਧਾਲੂਆਂ ਦੀ ਸਲਾਮਤੀ ਯਕੀਨੀ ਬਣਾਉਣਾ ਹੈ। ਮਹਾ ਕੁੰਭ ਦੇ ਬਾਕੀ ਬਚੇ ਚਾਰ ਹਫ਼ਤਿਆਂ ਦੌਰਾਨ ਇਸੇ ਢੰਗ ਨਾਲ ਅੱਗੇ ਵਧਣਾ ਜ਼ਰੂਰੀ ਹੈ। ਮੌਤ ਦੇ ਕਾਲੇ ਪਰਛਾਵੇਂ ਨੂੰ ਅਜਿਹੇ ਉਤਸਵ ’ਤੇ ਭਾਰੂ ਨਹੀਂ ਪੈਣ ਦੇਣਾ ਚਾਹੀਦਾ ਜੋ ਪੂਰੇ ਮਾਣ ਨਾਲ ਭਾਰਤ ਦੀ ਅਧਿਆਤਮਕ ਮਹਿਮਾ ਨੂੰ ਪ੍ਰਦਰਸ਼ਿਤ ਕਰ ਰਿਹਾ ਹੈ।

# ਚੋਣਾਂ ਮੌਕੇ ਰਾਮ ਰਹੀਮ ਨੂੰ ਮਿਲ ਰਹੀ ਪੈਰੋਲ ਚਿੰਤਾ ਦਾ ਵਿਸ਼ਾ

ਦੇਸ਼ ਵਿਚ ਕੋਈ ਚੋਣ ਹੋਣ ਵਾਲੀ ਹੋਵੇ ਤੇ ਰਾਮ ਰਹੀਮ ਨੂੰ ਪੈਰੋਲ ਨਾ ਮਿਲੇ, ਇਹ ਕਿਵੇਂ ਸੰਭਵ ਹੈ ? ਇਹ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਹੁਣ ਜਦੋਂ ਦਿੱਲੀ ਅਸੈਂਬਲੀ ਦੀਆਂ ਵੋਟਾਂ ਲਈ ਹਫ਼ਤੇ ਦਾ ਸਮਾਂ ਬਚਿਆ ਹੈ ਤਾਂ ਡੇਰਾ ਮੁਖੀ ਨੂੰ ਇਕ ਵਾਰ ਫਿਰ 30 ਦਿਨਾਂ ਦੀ ਪੈਰੋਲ ਦੇ ਦਿੱਤੀ ਗਈ ਹੈ। ਇਸ ਵਾਰ ਉਸ ਨੂੰ ਸਿਰਸਾ ਵਿਖੇ ਆਪਣੇ ਮੁੱਖ ਡੇਰੇ ਜਾਣ ਦੀ ਆਗਿਆ ਵੀ ਦੇ ਦਿੱਤੀ ਗਈ ਹੈ। ਆਪਣੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿੱਚ 2017 ਤੋਂ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਰਾਮ ਰਹੀਮ ਨੂੰ ਪਹਿਲੀ ਵਾਰ ਸਿਰਸਾ ਜਾਣ ਦੀ ਆਗਿਆ ਮਿਲੀ ਹੈ। ਪੰਜਾਬ, ਹਰਿਆਣਾ ਜਾਂ ਕਿਸੇ ਹੋਰ ਗੁਆਂਢੀ ਰਾਜ ਵਿੱਚ ਚੋਣਾਂ ਹੋਣ ਵਾਲੀਆਂ ਹੁੰਦੀਆਂ ਹਨ ਤਾਂ ਉਸ ਨੂੰ ਹਰ ਵਾਰ ਪੈਰੋਲ ਦੇ ਦਿੱਤੀ ਜਾਂਦੀ ਹੈ। ਪਿਛਲੇ ਸਾਲ ਅਕਤੂਬਰ ਵਿੱਚ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਉਸ ਨੂੰ 20 ਦਿਨ ਦੀ ਪੈਰੋਲ ਦਿੱਤੀ ਗਈ ਸੀ।

ਇਸ ਮਾਮਲੇ ਵਿੱਚ ਸੱਤਾਧਾਰੀ ਭਾਜਪਾ ਉੱਪਰ ਦੋਸ਼ ਲੱਗੇ ਸਨ ਕਿ ਉਹ ਸਿਆਸੀ ਫਾਇਦਾ ਲੈਣ ਲਈ ਅਜਿਹੇ ਹਰਬੇ ਵਰਤ ਰਹੀ ਹੈ ਤੇ ਸਾਰੇ ਜਾਣਦੇ ਹਨ ਕਿ ਆਖ਼ਿਰਕਾਰ ਇਸ ਦਾ ਫਾਇਦਾ ਕਿਸ ਨੂੰ ਹੋਇਆ ਸੀ। ਰਾਮ ਰਹੀਮ ਦੇ ਵਕੀਲਾਂ ਦਾ ਇਹ ਕਹਿਣਾ ਸਹੀ ਹੈ ਕਿ ਹਰੇਕ ਕੈਦੀ ਨੂੰ ਪੈਰੋਲ ਲਈ ਅਰਜ਼ੀ ਦੇਣ ਦਾ ਕਾਨੂੰਨੀ ਅਧਿਕਾਰ ਹੁੰਦਾ ਹੈ ਪਰ ਸਵਾਲ ਪੈਰੋਲ ਦੇ ਸਮੇਂ ਦਾ ਵੀ ਹੈ।

ਡੇਰਾ ਮੁਖੀ ਆਪਣੇ ਸਮਰਥਕਾਂ ਨੂੰ ਪਰਦੇ ਨਾਲ ਇਹ ਦੱਸਣ ਲਈ ਜਾਣਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਵੋਟ ਕਿਸ ਨੂੰ ਪਾਉਣੀ ਚਾਹੀਦੀ ਹੈ। ਉਹ ਜਬਰ-ਜਨਾਹ ਤੇ ਕਤਲ ਕੇਸਾਂ ਦਾ ਦੋਸ਼ੀ ਤਾਂ ਹੋ ਸਕਦਾ ਹੈ ਪਰ ਇਹ ਮੰਨਣ ਵਾਲੇ ਉਸ ਦੇ ਪੈਰੋਕਾਰਾਂ ਦੀ ਵੀ ਕੋਈ ਕਮੀ ਨਹੀਂ ਹੈ ਜੋ ਕਹਿੰਦੇ ਹਨ ਕਿ ਉਸ ਨੂੰ ਫਸਾਇਆ ਗਿਆ ਹੈ। ਭਾਜਪਾ ਪਿਛਲੇ 26 ਸਾਲਾਂ ਤੋਂ ਦਿੱਲੀ ਦੀ ਸੱਤਾ ਤੋਂ ਬਾਹਰ ਹੈ। ਚਿਰਾਂ ਬਾਅਦ ਅਖ਼ੀਰ ‘ਆਪ’ ਦਾ ਤਖ਼ਤ ਪਲਟਣ ਲਈ ਭਗਵਾਂ ਪਾਰਟੀ ਵੋਟਰਾਂ ਨੂੰ ਖਿੱਚਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀ ਹੈ। ਪਰਦੇ ਪਿੱਛਿਓਂ ਕੰਮ ਕਰਦਿਆਂ ਰਾਮ ਰਹੀਮ ਵੀ ਆਪਣਾ ਬਣਦਾ ਹਿੱਸਾ ਪਾ ਸਕਦਾ ਹੈ। ਉਸ ਨੂੰ ਵਾਰ-ਵਾਰ ਪੈਰੋਲ ਅਤੇ ਫਰਲੋ ਮਿਲਣ ਦਾ ਪੰਜਾਬ ਦੇ ਧਾਰਮਿਕ ਤੇ ਸਿਆਸੀ ਆਗੂਆਂ ਨੇ ਵਿਰੋਧ ਕੀਤਾ ਹੈ ਜਿੱਥੇ ਬੇਅਦਬੀ ਦੇ ਮਾਮਲਿਆਂ ’ਚ ਕਥਿਤ ਭੂਮਿਕਾ ਲਈ ਉਸ ਨੂੰ ਲਗਾਤਾਰ ਨਿੰਦਿਆ ਗਿਆ ਹੈ ਪਰ ਪੰਜਾਬ ਅਜੇ ਭਾਜਪਾ ਦੀਆਂ ਤਰਕੀਬਾਂ ਦੀ ਤਰਜੀਹ ਨਹੀਂ ਹੈ। ਪਾਰਟੀ ਨੂੰ ਸਿੱਖਾਂ ਦੀ ਨਾਰਾਜ਼ਗੀ ਮੁੱਲ ਲੈਣ ’ਚ ਕੋਈ ਝਿਜਕ ਨਹੀਂ ਹੈ ਕਿਉਂਕਿ ਰਾਮ ਰਹੀਮ ਦੀ ਰਿਹਾਈ ’ਚ ਉਸ ਨੂੰ ਦਿੱਲੀ ਦੀਆਂ ਚੋਣਾਂ ’ਚ ਫਾਇਦਾ ਹੁੰਦਾ ਨਜ਼ਰ ਆ ਰਿਹਾ ਹੈ।

# ਦਿੱਲੀ ਵਿੱਚ ਆਮ ਆਦਮੀ ਪਾਰਟੀ ਵੱਲੋਂ ਚੌਥੀ ਵਾਰ ਸਰਕਾਰ ਬਣਾਉਣਾ ਤੈਅ,ਲੋਕ ਪੱਖੀ ਕੰਮਾਂ ਤੋਂ ਲੋਕ ਬੇਹੱਦ ਖੁਸ਼ - ਚੇਅਰਮੈਨ ਡਾਢੀ



**ਸ੍ਰੀ ਆਨੰਦਪੁਰ ਸਾਹਿਬ, 2 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਲੋਕ ਪੱਖੀ ਕੰਮਾਂ ਤੋਂ ਦਿੱਲੀ ਦੀ ਜਨਤਾ ਬੇਹੱਦ ਖੁਸ਼ ਹੈ ਤੇ ਚੌਥੀ ਵਾਰ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਜਾ ਰਹੀ ਹੈ, ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੀ ਅਨੰਦਪੁਰ ਸਾਹਿਬ ਮਾਰਕਿਟ ਕਮੇਟੀ ਦੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵੱਲੋਂ ਦਿੱਲੀ ਵਿਖੇ ਅਨੇਕਾਂ ਲੋਕ ਪੱਖੀ ਕੰਮ ਕੀਤੇ ਗਏ ਹਨ ਜਿਸ ਨਾਲ ਆਮ ਆਦਮੀ ਬੇਹੱਦ ਖੁਸ਼ ਹੈ, ਡਾਢੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਦੇ ਗਰੀਬ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਆਪਣੀ ਮੁਸ਼ਕਿਲ ਸਮਝਦੇ ਹੋਏ ਸਾਰੀਆਂ ਮੁਸ਼ਕਿਲਾਂ ਦੂਰ ਕੀਤੀਆਂ ਅਤੇ ਉਨਾਂ ਦੇ ਭਲਾਈ ਲਈ ਕਾਰਜ਼ ਕੀਤੇ, ਉਨਾਂ ਕਿਹਾ ਕਿ ਦਿੱਲੀ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਮਨੀਸ਼ ਸਿਸੋਦੀਆ ਜੀ ਵੱਲੋਂ ਦਿਨ ਰਾਤ ਇੱਕ ਕਰਕੇ ਮਿਹਨਤ ਕੀਤੀ ਗਈ ਤੇ ਅੱਜ ਦਿੱਲੀ ਦਾ ਸਿੱਖਿਆ ਮਾਡਲ ਪੂਰੀ ਦੁਨੀਆ ਵਿੱਚ ਚਰਚਾ ਦਾ ਵਿਸ਼ਾ ਹੈ।

ਉਨਾਂ ਕਿਹਾ ਕਿ ਅੱਜ ਦਿੱਲੀ ਦੇ ਸਰਕਾਰੀ ਹਸਪਤਾਲਾਂ ਵਿੱਚ ਪ੍ਰਾਈਵੇਟ ਹਸਪਤਾਲਾਂ ਵਰਗੀਆਂ ਹਰ ਤਰਾਂ ਦੀ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਸਾਰੇ ਸਰਕਾਰੀ ਹਸਪਤਾਲਾਂ ਨੂੰ ਅਤਿ ਆਧੁਨਿਕ ਤਕਨੀਕਾਂ ਨਾਲ ਲੈਸ ਕੀਤਾ ਗਿਆ ਹੈ ਤਾਂ ਜੋ ਆਮ ਲੋਕਾਂ ਨੂੰ ਆਪਣਾ ਇਲਾਜ ਕਰਵਾਉਣ ਵਿੱਚ ਕੋਈ ਤੰਗੀ ਪ੍ਰੇਸ਼ਾਨੀ ਨਾ ਹੋਵੇ, ਚੇਅਰਮੈਨ ਡਾਢੀ ਨੇ ਕਿਹਾ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦਿੱਲੀ ਦੇ ਸਾਬਕਾ ਡਿਪਟੀ ਮੁੱਖਮੰਤਰੀ ਮਨੀਸ਼ ਸਿਸੋਦੀਆ ਜੀ ਅਤੇ ਸਾਬਕਾ ਸਿਹਤ ਮੰਤਰੀ ਸਤੇਂਦਰ ਜੈਨ ਜੀ ਲਈ ਚੋਣ ਪ੍ਰਚਾਰ ਕਰਨ ਲਈ ਡਿਊਟੀ ਲਗਾਈ ਗਈ ਹੈ ਜਿਸ ਨੂੰ ਉਹ ਆਪਣੇ ਸਾਥੀਆਂ ਨਾਲ ਬਾਖੂਬੀ ਨਿਭਾ ਰਹੇ ਹਨ,ਉਨਾਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਹਲਕੇ ਤੋਂ ਆਈ 25 ਮੈਂਬਰੀ ਟੀਮ ਦਿੱਲੀ ਦੇ ਵਿਧਾਨ ਸਭਾ ਹਲਕੇ ਜੰਗਪੁਰਾ ਵਿੱਚ ਸ਼੍ਰੀ ਮਨੀਸ਼ ਸਿਸੋਦੀਆ ਜੀ ਲਈ ਅਤੇ ਸ਼ਕੂਰ ਬਸਤੀ ਵਿੱਚ ਸ਼੍ਰੀ ਸਤੇਂਦਰ ਜੈਨ ਜੀ ਲਈ ਚੋਣ ਪ੍ਰਚਾਰ ਕਰ ਰਹੀ ਹੈ ਤੇ ਪ੍ਰਚਾਰ ਦੌਰਾਨ ਲੋਕਾਂ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਡਾਢੀ ਨੇ ਕਿਹਾ ਕਿ ਹੁਣ ਜਨਤਾ ਆਪਣਾ ਮੂਡ ਬਣਾ ਚੁੱਕੀ ਹੈ ਕਿ ਇੱਕ ਵਾਰ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਜਾਵੇ ਤਾਂ ਜੋ ਪਿਛਲੇ ਲੰਮੇ ਸਮੇਂ ਤੋਂ ਲੋਕ ਪੱਖੀ ਕੰਮ ਜੋ ਸਰਕਾਰ ਵੱਲੋਂ ਕੀਤੇ ਜਾ ਰਹੇ ਹਨ ਉਹ ਅੱਗੇ ਵੀ ਚੱਲਦੇ ਰਹਿਣ।

ਇਸ ਮੌਕੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਨਾਲ ਕਿਸਾਨ ਵਿੰਗ ਪਰਧਾਨ ਕੇਸਰ ਸੰਧੂ,ਜੁਝਾਰ ਸਿੰਘ ਆਸਪੁਰ,ਟਰੱਕ ਯੂਨੀਅਨ ਪਰਧਾਨ ਤਰਲੋਚਨ ਸਿੰਘ ਲੋਚੀ,ਨੌਜਵਾਨ ਗੁੱਜਰ ਸਭਾ ਦੇ ਪਰਧਾਨ ਰਵੀ ਹੰਸ,ਜਿੰਮੀ ਡਾਢੀ,ਗੁਰਚੈਨ ਸਿੰਘ ਡਾਢੀ,ਸੁਰਜੀਤ ਸਿੰਘ ਡਾਢੀ,ਸਰਬਜੀਤ ਚਾਹਲ,ਰਾਮ ਨਾਥ ਕੋਟਲਾ,ਵਿਕਾਸ ਪਿਰਥੀਪੁਰ,ਸਰਪੰਚ ਜਰਨੈਲ ਸਿੰਘ ਮੀਢਵਾਂ,ਅਮਨ ਬੇਲੀ ,ਗੁਰਸੇਵਕ ਰਾਣਾ ਤੇ ਹੋਰ ਵਲੰਟੀਅਰ ਮੌਜੂਦ ਸਨ

# 10,000 ਰੁਪਏ ਰਿਸ਼ਵਤ ਲੈਂਦਾ ਸੇਵਾਮੁਕਤ ਹੌਲਦਾਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ



**ਮਾਛੀਵਾੜਾ ਸਾਹਿਬ, 2 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਸੇਵਾਮੁਕਤ ਹੌਲਦਾਰ ਬਲਵਿੰਦਰ ਸਿੰਘ, ਜੋ ਲੁਧਿਆਣਾ ਜ਼ਿਲ੍ਹੇ ਦੇ ਥਾਣਾ ਮਾਛੀਵਾੜਾ ਵਿਖੇ ਤਾਇਨਾਤ ਸਟੇਸ਼ਨ ਹਾਊਸ ਅਫ਼ਸਰ (ਐਸ.ਐਚ.ਓ.) ਦਾ ਸਾਥੀ ਹੈ, ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਦੱਸਣਯੋਗ ਹੈ ਕਿ ਉਕਤ ਮੁਲਜ਼ਮ, ਪੁਲਿਸ ਵਿਭਾਗ ਦੇ ਕਿਸੇ ਅਧਿਕਾਰਤ ਹੁਕਮ ਜਾਂ ਪ੍ਰਵਾਨਗੀ ਤੋਂ ਬਿਨਾਂ ਹੀ ਥਾਣੇ ਵਿੱਚ ਡਿਊਟੀ ਨਿਭਾਅ ਰਿਹਾ ਸੀ।

ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਖੰਨਾ ਪੁਲਿਸ ਜ਼ਿਲ੍ਹੇ ਦੇ ਮਾਛੀਵਾੜਾ ਸਬ-ਡਵੀਜ਼ਨ ਦੇ ਪਿੰਡ ਮੋਹਨ ਮਾਜਰਾ ਦੇ ਵਸਨੀਕ ਸੁਖਵੀਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ‘ਤੇ ਕੀਤੀ ਗਈ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਲੁਧਿਆਣਾ ਸਥਿਤ ਵਿਜੀਲੈਂਸ ਬਿਊਰੋ ਰੇਂਜ ਦੇ ਦਫ਼ਤਰ ਪਹੁੰਚ ਕਰਕੇ ਸ਼ਿਕਾਇਤ ਵਿੱਚ ਦੱਸਿਆ ਕਿ ਉਸਦੀ ਕਾਰ ਮਾਛੀਵਾੜਾ ਪੁਲਿਸ ਨੇ ਜ਼ਬਤ ਕਰ ਲਈ ਹੈ। ਸ਼ਿਕਾਇਤਕਰਤਾ ਅਨੁਸਾਰ ਮੁਲਜ਼ਮ ਬਲਵਿੰਦਰ ਸਿੰਘ ਨੇ ਉਸਨੂੰ ਦੱਸਿਆ ਕਿ ਉਸਦੀ ਕਾਰ ਮੁੱਖ ਮੁਨਸ਼ੀ ਦੇ ਕਬਜ਼ੇ ਵਿੱਚ ਹੈ ਅਤੇ ਉਸਨੇ ਕਾਰ ਵਾਪਸ ਦਿਵਾਉਣ ਲਈ ਉਸ ਤੋਂ 25,000 ਰੁਪਏ ਰਿਸ਼ਵਤ ਮੰਗੀ ਹੈ। ਹਾਲਾਂਕਿ, ਗੱਲਬਾਤ ਤੋਂ ਬਾਅਦ ਉਨ੍ਹਾਂ ਦਾ ਸੌਦਾ 15,000 ਰੁਪਏ ਵਿੱਚ ਤੈਅ ਹੋ ਗਿਆ।

28 ਜਨਵਰੀ, 2025 ਨੂੰ ਸ਼ਿਕਾਇਤਕਰਤਾ ਨੇ ਬਲਵਿੰਦਰ ਸਿੰਘ ਨਾਲ ਫ਼ੋਨ ’ਤੇ ਗੱਲ ਕਰਕੇ ਰਿਸ਼ਵਤ ਦੀ ਰਕਮ ਘਟਾਉਣ ਲਈ ਉਸਨੂੰ ਬੇਨਤੀ ਕੀਤੀ, ਜਿਸ ਤੋਂ ਬਾਅਦ ਮੁਲਜ਼ਮ ਬਲਵਿੰਦਰ ਸਿੰਘ 10,000 ਰੁਪਏ ਰਿਸ਼ਵਤ ‘ਤੇ ਸਹਿਮਤ ਹੋ ਗਿਆ। ਸ਼ਿਕਾਇਤਕਰਤਾ ਨੇ ਫੋਨ ‘ਤੇ ਹੋਈ ਸਾਰੀ ਗੱਲਬਾਤ ਨੂੰ ਸਬੂਤ ਵਜੋਂ ਰਿਕਾਰਡ ਕਰ ਲਿਆ ਅਤੇ ਇਸਨੂੰ ਲੁਧਿਆਣਾ ਸਥਿਤ ਵਿਜੀਲੈਂਸ ਬਿਊਰੋ ਰੇਂਜ ਦੇ ਦਫ਼ਤਰ ਨੂੰ ਜਮ੍ਹਾਂ ਕਰਵਾ ਦਿੱਤਾ। ਬੁਲਾਰੇ ਨੇ ਅੱਗੇ ਕਿਹਾ ਕਿ ਮੁੱਢਲੀ ਜਾਂਚ ਕਰਨ ਤੋਂ ਬਾਅਦ ਵਿਜੀਲੈਂਸ ਬਿਊਰੋ, ਲੁਧਿਆਣਾ ਰੇਂਜ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਜ਼ਮ ਨੂੰ ਮਾਛੀਵਾੜਾ ਥਾਣੇ ਦੇ ਬਾਹਰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਮੌਕੇ ਵਿਜੀਲੈਂਸ ਬਿਊਰੋ ਦੀ ਟੀਮ ਨੂੰ ਸ਼ਿਕਾਇਤਕਰਤਾ ਦੀ ਕਾਰ ਵੀ ਥਾਣੇ ਵਿੱਚ ਖੜ੍ਹੀ ਮਿਲੀ।

ਜਾਂਚ ਦੌਰਾਨ ਇਹ ਖੁਲਾਸਾ ਹੋਇਆ ਕਿ ਉਕਤ ਮੁਲਜ਼ਮ ਬਲਵਿੰਦਰ ਸਿੰਘ ਪਹਿਲਾਂ ਹੀ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) ਤੋਂ ਸੇਵਾਮੁਕਤ ਹੋ ਚੁੱਕਾ ਹੈ ਪਰ ਮਾਛੀਵਾੜਾ ਦੇ ਐਸ.ਐਚ.ਓ. ਨੇ ਬਿਨ੍ਹਾਂ ਕਿਸੇ ਵਿਭਾਗੀ ਹੁਕਮ ਦੇ ਉਸਨੂੰ ਥਾਣੇ ਵਿੱਚ ਗੈਰ-ਕਾਨੂੰਨੀ ਤੌਰ ’ਤੇ ਤਾਇਨਾਤ ਕੀਤਾ ਹੋਇਆ ਸੀ। ਇਸ ਤਰ੍ਹਾਂ ਉਕਤ ਮੁਲਜ਼ਮ ਬਿਨ੍ਹਾਂ ਕਿਸੇ ਸਰਕਾਰੀ ਹੁਕਮ ਜਾਂ ਪ੍ਰਵਾਨਗੀ ਦੇ ਪੁਲਿਸ ਥਾਣੇ ਵਿੱਚ ਕੰਮ ਕਰ ਰਿਹਾ ਹੈ। ਦੱਸਣਯੋਗ ਹੈ ਕਿ ਇਸ ਕੇਸ ਵਿੱਚ ਸਬੰਧਤ ਐਸ.ਐਚ.ਓ. ਅਤੇ ਮੁੱਖ ਮੁਨਸ਼ੀ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7-ਏ ਅਤੇ ਭਾਰਤੀ ਨਿਆਂ ਸੰਹਿਤਾ (ਬੀ.ਐਨ.ਐਸ.) ਦੀ ਧਾਰਾ 318 ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਪਾਬੰਦੀ ਸ਼ੁਦਾ ਲਾਟਰੀ ਦੀ ਆੜ੍ਹ ਚ ਸੱਟੇ ਦਾ ਕਾਰੋਬਾਰ ਜੋਰਾ ਤੇ : ਵਰੁਣ ਮਹਿਤਾ

**ਲੁਧਿਆਣਾ, 2 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਹਿੰਦੂ ਤਖ਼ਤ ਦੇ ਮੁੱਖ ਸੂਬਾ ਪਰਚਾਰਕ ਸ੍ਰੀ ਵਰੁਣ ਮਹਿਤਾ ਨੇ ਜਾਰੀ ਇਕ ਪ੍ਰੈੱਸ ਬਿਆਨ ਰਾਹੀਂ ਪੰਜਾਬ ਸਰਕਾਰ ਵਲੋ ਪਾਬੰਦੀ ਸ਼ੁਦਾ ਲਾਟਰੀ ਦੀ ਆੜ੍ਹ ਚ ਮਹਾਂਨਗਰ ਚ ਖੁੱਲ੍ਹੇਆਮ ਚਲ ਰਹੇ ਲਾਟਰੀ ਸੱਟੇ ਦੇ ਕਾਰੋਬਾਰ ਦੀ ਕੜੇ ਸ਼ਬਦਾ ’ਚ ਨਿੰਦਾ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵਲੋ ਸੂਬੇ ਦੀ ਮਿਹਨਤਕਸ਼ ਜਨਤਾ ਦੇ ਖ਼ੂਨ ਪਸੀਨੇ ਦੀ ਕਮਾਈ ਨੂੰ ਲਾਟਰੀ ਸੱਟਾ ਮਾਫੀਆ ਤੇ ਹਥੋ ਲੁੱਟਣ ਤੋ ਬਚਾਉਣ ਲਈ ਮਥਲੀ ਅਤੇ ਤਿਯੋਹਾਰੀ ਲਾਟਰੀ ਬੰਪਰ ਤੋ ਇਲਾਵਾ ਹਰ ਤਰ੍ਹਾਂ ਦੀ ਲਾਟਰੀ ਤੇ ਮੁੰਕਮਲ ਪਾਬੰਦੀ ਲਗਾਈ ਹੋਈ ਹੈ ਪਰ ਬਾਵਜ਼ੂਦ ਇਸਦੇ ਸ਼ਹਿਰ ਦੇ ਹੰਬੜਾ ਰੋਡ, ਰਿਸ਼ੀ ਨਗਰ, ਹੈਬੋਵਾਲ ਮਛਲੀ ਮਾਰਕੀਟ, ਜਵਾਲਾ ਸਿੰਘ ਚੌਂਕ ਹਰਗੋਬਿੰਦ ਨਗਰ, ਰੇਲਵੇ ਪੁਲ ਘੰਟਾ ਘਰ, ਚੌਂਕ ਸਲੇਮ ਟਾਬਰੀ, ਸਮਰਾਲਾ ਚੌਂਕ, ਤਾਜਪੁਰ ਰੋਡ, ਚੀਮਾ ਚੌਂਕ, ਢੰਡਾਰੀ, ਸ਼ਿਮਲਾਪੁਰੀ, ਸਥਾਨਕ ਬੱਸ ਸਟੈਂਡ ਤੇ ਬਣੇ ਪੁਲ ਦੇ ਨੀਚੇ ਦੁੱਗਰੀ ਤੇ ਹੋਰਨਾਂ ਕਈ ਜਗ੍ਹਾ ਤੇ ਸੈਂਕੜੇ ਦੁਕਾਨਾ ਖੁੱਲ੍ਹੇਆਮ ਆਮ ਜਨਤਾ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਲੁੱਟਿਆ ਜਾ ਰਿਹਾ ਹੈ ਮਹਿਤਾ ਨੇ ਰੋਸ਼ ਪ੍ਰਗਟ ਕਰਦੇ ਹੋਏ ਕਿਹਾ ਕਿ ਲਾਟਰੀ ਮਾਫੀਆ ਦੇ ਹਥੋ ਪੀੜਿਤ ਕਈ ਲੋਕਾ ਦੇ ਘਰ ਤਕ ਬਿਕ ਗਏ ਕਈ ਪਰਿਵਾਰ ਤਬਾਹ ਹੋ ਚੁੱਕੇ।

# ਗੋ ਮਾਤਾ ਅਤੇ ਪਰਮਾਤਮਾ ਵਿੱਚ ਕੋਈ ਅੰਤਰ ਨਹੀਂ ਹੈ ਅਤੇ ਗਊ ਸੇਵਾ ਪਰਮ ਧਰਮ ਹੈ

**ਸੁਨਾਮ, 2 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਸ਼ਿਵ ਮੰਦਰ ਧਰਮਸ਼ਾਲਾ ਕਮੇਟੀ ਵੱਲੋਂ ਕਰਵਾਏ ਜਾ ਰਹੇ ਸ੍ਰੀ ਮਦ ਭਾਗਵਤ ਸਪਤਾਹ ਦੇ ਪੂਰਨ ਆਹੂਤੀ ਮੌਕੇ ਕਥਾ ਵਿਆਸ ਮਨੋਜ ਜੀ ਮਹਾਰਾਜ ਨੇ ਕਿਹਾ ਕਿ ਸਾਰੀ ਸ੍ਰਿਸ਼ਟੀ ਪਰਮਾਤਮਾ ਦਾ ਪਰਿਵਾਰ ਹੈ ਸਾਨੂੰ ਸਭ ਨਾਲ ਵਧੀਆ ਵਿਵਹਾਰ ਕਰਨਾ ਚਾਹੀਦਾ ਹੈ ਭਗਵਾਨ ਤਾਂ ਸਿਰਫ ਤੁਲਸੀ ਦਲ ਨਾਲ ਵੀ ਸੰਤੁਸ਼ਟ ਹੋ ਜਾਂਦੇ ਹਨ ਵਧੀਆ ਕਰਮ ਸਦਾ ਸਾਡੀ ਰੱਖਿਆ ਕਰਦੇ ਹਨ ਹੰਕਾਰ ਹੀ ਭਗਤੀ ਮਾਰਗ ਵਿੱਚ ਸਭ ਤੋਂ ਵੱਡੀ ਸਮੱਸਿਆ ਹੈ। ਸੁਆਮੀ ਜੀ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਸੁਦਾਮਾ ਦੀ ਮਿੱਤਰਤਾ ਭਗਵਾਨ ਸ੍ਰੀ ਕ੍ਰਿਸ਼ਨ ਦੇ ਮਿੱਤਰ ਧਰਮ ਨੂੰ ਨਿਭਾਉਣ ਦਾ ਸਭ ਤੋਂ ਵਧੀਆ ਉਦਾਹਰਨ ਹੈ ਥੋੜੇ ਜਿਹੇ ਚਾਵਲਾਂ ਬਦਲੇ ਹੀ ਤਿੰਨ ਲੋਕਾਂ ਦਾ ਰਾਜ ਠਾਕੁਰ ਜੀ ਨੇ ਬੜੇ ਹੀ ਦਿਆਲੂ ਮਨ ਨਾਲ ਦੇ ਦਿੱਤਾ। ਕਲਯੁਗ ਵਿੱਚ ਹਰੀ ਦਾ ਨਾਮ ਹੀ ਸਭ ਤੋਂ ਉੱਤਮ ਹੈ ਭਾਗਵਤ ਕਥਾ ਨਾਲ ਅਨੰਦ ਸਵਰੂਪ ਕ੍ਰਿਸ਼ਨ ਦੀ ਪ੍ਰਾਪਤੀ ਹੁੰਦੀ ਹੈ।ਕਲਯੁਗ ਵਿੱਚ ਪ੍ਰਾਣੀਆਂ ਅਤੇ ਉਹਨਾਂ ਦਾ ਕਲਿਆਣ ਕਰਨ ਲਈ ਪਰਮਹੰਸ ਸੁਖਦੇਵ ਮੁਨੀ ਨੇ ਸ਼ੁਕਰ ਤਾਲ ਤੀਰਥ ਵਿਖੇ ਇਸ ਕਥਾ ਦਾ ਰਸ ਪਾਨ ਰਾਜਾ ਪਰੀਸ਼ਤ ਨੂੰ ਕਰਵਾਇਆ। ਇਸ ਮੌਕੇ ਤੇ



ਸ਼ਰਧਾਲੂਆਂ ਨੇ ਆਨੰਦ ਦਾ ਅਨੁਭਵ ਕੀਤਾ। ਕਥਾ ਤੋਂ ਪਹਿਲਾਂ ਹਵਨ ਯੱਗ ਕਰਵਾਇਆ ਗਿਆ ਅਤੇ ਭਗਤਾਂ ਨੇ ਪੂਰਨ ਆਹੂਤੀ ਨਾਲ ਯੱਗ ਨੂੰ ਸਫਲ ਕੀਤਾ। ਇਸ ਮੌਕੇ ਸੁਆਮੀ ਜੀ ਨੇ ਕਿਹਾ ਕਿ ਕਲਯੁਗ ਦੇ ਵਿੱਚ ਹਰੀ ਦਾ ਨਾਮ ਹੀ ਸਭ ਤੋਂ ਉੱਤਮ ਹੈ ਅਤੇ ਸਾਨੂੰ ਸਭ ਨੂੰ ਪ੍ਰਭੂ ਦਾ ਨਾਮ ਸਿਮਰਨ ਕਰਨਾ ਚਾਹੀਦਾ।

ਸੁਆਮੀ ਜੀ ਨੇ ਕਿਹਾ ਕਿ ਭਗਤੀ ਕਰਨ ਨਾਲ ਮਨ ਸ਼ਾਂਤ ਰਹਿੰਦਾ ਹੈ ਅਤੇ ਸੇਵਾ ਕਰਨ ਨਾਲ ਅਸ਼ੀਰਵਾਦ ਮਿਲਦਾ ਹੈ, ਗੋ ਮਾਤਾ ਅਤੇ ਪਰਮਾਤਮਾ ਵਿੱਚ ਕੋਈ ਅੰਤਰ ਨਹੀਂ ਹੈ ਗੋ ਸੇਵਾ ਪਰਮ ਧਰਮ ਹੈ ਅਗਰ ਗਊ ਦੀ ਰੱਖਿਆ ਹੋਵੇਗੀ ਤਾਂ ਹੀ ਇਹ ਸੰਸਾਰ ਬਚੇਗਾ ਦਇਆਵਾਨ ਵਿਅਕਤੀ ਦੇ ਦਿਲ ਵਿੱਚ ਪਰਮਾਤਮਾ ਨਿਵਾਸ ਕਰਦੇ ਹਨ ਹਰੀ ਭਗਤਾਂ ਨੇ ਨਾਮ ਜਪ ਦੇ ਸਹਾਰੇ ਭਗਤੀ ਦੁਆਰਾ ਪ੍ਰਭੂ ਨੂੰ ਪ੍ਰਾਪਤ ਕਰ ਲਿੱਤਾ।ਇਸ ਮੌਕੇ ਤੇ ਮਹਾਰਾਜ ਨੇ ਆਪਣੇ ਲਿਖੇ ਭਜਨਾ ਅਤੇ ਗੋ ਮਾਤਾ ਦੀ ਮਹਿਮਾ ਨਾਲ ਸ਼ਰਧਾਲੂਆਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਲੂਆਂ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਭਰੇ ਮਨ ਨਾਲ ਭਗਤਾਂ ਨੇ ਸੁਆਮੀ ਜੀ ਨੂੰ ਵਿਦਾਈ ਦਿੱਤੀ।ਇਸ ਮੌਕੇ ਤੇ ਦਿਲਬਹਾਰ ਸਿੰਘ ਬਿੱਟਾ,ਸਤਿੰਦਰ ਸਿੰਗਲਾ ਪਪ,ਵਰਿੰਦਰ ਕੁਮਾਰ ਬਾਂਸਲ,ਸ਼ਿੰਪੀ ਗਰਗ,ਪੱਪੂ ਗਰਗ, ਹੈਪੀ ਗੋਇਲ,ਸੁਸ਼ੀਲ ਸਿੰਗਲਾ,ਰਾਜੀਵ ਮਿੰਟਾ,ਦੀਪੂ ਗਰਗ,ਪਰਵੇਸ਼ ਕਾਂਸਲ,ਮਨਪ੍ਰੀਤ ਸਿੰਘ ਮਨੀ ਐਮ ਸੀ, ਕਰੁੰਨ ਬਾਂਸਲ ਕਨੁ,ਮਾਧਵ ਸ਼ਰਮਾ, ਰਾਕੇਸ਼ ਬਾਂਸਲ,ਸੀਮਾ ਸਿੰਗਲਾ,ਅੰਜੂ ਬਾਂਸਲ,ਬਲਜੀਤ ਕੌਰ,ਰੇਸ਼ਮਾ ਸਿੰਗਲਾ, ਵੀਨਾ ਗਰਗ ਆਦਿ ਮੌਜੂਦ ਸਨ।

# ਥਾਣਾ ਸਦਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾ ਕੇ ਸਭ ਦੀ ਸੁਖ ਸ਼ਾਂਤੀ ਲਈ ਅਰਦਾਸ ਕੀਤੀ



**ਸਮਾਣਾ, 2 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਸਦਰ ਸਮਾਣਾ ਵਿਖੇ ਇਲਾਕੇ ਦੀ ਸੁਖ ਸ਼ਾਂਤੀ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾ ਕੇ ਸਭ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੇਰ ਤੇ ਐਸ.ਐਸ.ਪੀ. ਪਟਿਆਲਾ ਡਾ: ਨਾਨਕ ਸਿੰਘ ਵੀ ਨਤਮਸਤਕ ਹੋਏ।

ਇਸ ਉਪਰੰਤ ਉਨ੍ਹਾਂ ਥਾਣਾ ਕੰਪਲੈਕਸ ਵਿਚ ਨਵੇਂ ਬਣਾਏ ਗਏ ਸਹਾਇਕ ਕਾਨੂੰਨੀ ਅਫਸਰ ਦੇ ਦਫਤਰ ਦਾ ਉਦਘਾਟਨ ਕੀਤਾ। ਇਸ ਮੌਕੇ ਡਾ: ਨਾਨਕ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਸ਼ਹਿਰ ਵਿਚ ਪੀ.ਸੀ.ਆਰ ਦੀ ਗਸ਼ਤ ਵਧਾਉਣ ਲਈ 4 ਮੋਟਰਸਾਇਕਲ ਸਟਾਫ ਤੋਂ ਇਲਾਵਾ ਸੜਕ ਸੁਰੱਖਿਆ ਲਈ ਇਕ ਗੱਡੀ ਦਾ ਵੀ ਪ੍ਰਬੰਧ ਕੀਤਾ ਜਾਵੇਗਾ ।

ਕਾਨੂੰਨ ਅਫਸਰ ਦੇ ਥਾਣਾ ਵਿਖੇ ਸਥਿਤ ਦਫਤਰ ’ਚ ਕੰਮ ਸ਼ੁਰੂ ਹੋਣ ਨਾਲ ਮਾਮਲਿਆਂ ਨੂੰ ਨਜਿੱਠਣ ਲਈ ਰਫਤਾਰ ਵਧੇਗੀ। ਇਸ ਮੌਕੇ ਆਪ ਆਗੂ ਹਰਜਿੰਦਰ ਸਿੰਘ ਮਿੰਟੂ, ਐਸ.ਪੀ. ਜਸਵੀਰ ਸਿੰਘ, ਡੀ.ਐਸ.ਪੀ. ਜੀ.ਐਸ. ਸਿੰਕਦ, ਥਾਣਾ ਸਦਰ ਮੁੱਖੀ ਅਵਤਾਰ ਸਿੰਘ, ਸਿਟੀ ਥਾਣਾ ਮੁੱਖੀ ਰੌਣੀ ਸਿੰਘ,ਅਜੇ ਸਿੰਘ, ਬਲਕਾਰ ਸਿੰਘ,ਪ੍ਰਧਾਨ ਰਿਟਾਇਰ ਪੰਜਾਬ ਪੁਲਸ ਸੰਗਰੂਰ ਪ੍ਰਿਤਪਾਲ ਸਿੰਘ ਬਲਦੇਵ ਸਿੰਘ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਦੇ ਸਰਪੰਚ ਤੇ ਪੰਚ ਹਾਜ਼ਰ ਸਨ।

# ਬੈਂਕ ਲੋਨ ਦੇ ਪੈਸੇ ਭਰੇ ਨਾ ਜਾਣ ਤੇ ਬੈਂਕ ਵੱਲੋਂ ਮਕਾਨ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਕੀਤੀ ਗਈ ਤਿਆਰੀ



**ਮਲੋਟ 2 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਮਲੋਟ ਦੇ ਪਿੰਡ ਦਾਨੇਵਾਲਾ ਦੇ ਸ ਵਰਿੰਦਰ ਸਿੰਘ ਪੁੱਤਰ ਬੂਟਾ ਸਿੰਘ ਫੌਜੀ ਦੇ ਘਰ ਦੀ ਕੁਰਕੀ ਕਰਨ ਲਈ ਬਠਿੰਡਾ ਦੇ ਆਧਾਰ ਬੈਂਕ ਵੱਲੋਂ ਕੁਝ ਦਿਨ ਪਹਿਲਾਂ ਕੁਰਕੀ ਕਰਨ ਦਾ ਨੋਟਿਸ ਲਗਾਇਆ ਗਿਆ ਸੀ ਜਿਸ ਨੂੰ ਲੈ ਕੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਇਸ ਕੁਰਕੀ ਨੂੰ ਰੋਕਣ ਲਈ ਜਿਲਾ ਕਨਵੀਨਰ ਗੁਰਜੰਟ ਸਿੰਘ ਸਾਉਂਕੇ ਦੀ ਅਗਵਾਈ ਵਿੱਚ ਮਜ਼ਦੂਰਾਂ ਦਾ ਇਕੱਠ ਹੋਇਆ ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਰਿੰਦਰ ਸਿੰਘ ਫੌਜੀ ਨੇ ਦੱਸਿਆ ਕਿ ਆਧਾਰ ਬੈਂਕ ਬਠਿੰਡਾ ਤੋਂ ਸਨ 2022 ਵਿੱਚ ਸਾਡੇ 17 ਲੱਖ ਰੁਪਏ ਦਾ ਲੋਨ ਲਿਆ ਸੀ ਇਸ ਲੋਨ ਦੀਆਂ ਕਿਸਤਾਂ 2 ਲੱਖ 44 ਹਜ਼ਾਰ ਰੁਪਏ ਭਰ ਚੁਕਿਆ ਹੈ।

ਘਰੇਲੂ ਸਮੱਸਿਆਵਾਂ ਕਾਰਨ ਮੈਂ ਆਰ ਮੀ ਵਿੱਚ ਡਿਊਟੀ ਤੇ ਨਹੀਂ ਜਾ ਸਕਿਆ ਜਿਸ ਕਾਰਨ ਆਰਮੀ ਵਿੱਚ ਮੈਨੂੰ ਸਸਪੈਂਡ ਕਰ ਦਿੱਤਾ ਗਿਆ ਇਸ ਮਜਬੂਰੀ ਵਿੱਚ ਮੈਂ ਲੋਨ ਦੀਆਂ ਕਿਸਤਾਂ ਨਹੀਂ ਭਰ ਸਕਿਆ ਆਧਾਰ ਬੈਂਕ ਨੇ ਮੇਰੇ ਉੱਪਰ ਕੋਰਟ ਕੇਸ ਕਰਕੇ ਮੇਰੇ ਘਰ ਦੀ ਕੁਰਕੀ ਦਾ ਮੇਰੇ ਘਰ ਦੇ ਬਾਹਰ ਮੂਹਰੇ ਕੋਰਟ ਨੋਟਿਸ ਲਾ ਦਿੱਤਾ ਗਿਆ ਜੋ ਕਿ ਤੇਰੇ ਘਰ ਦੀ ਕੁਰਕੀ ਕੀਤੀ ਜਾਵੇਗੀ ਮੈਂ ਮੋਹਤਬਾਂਰ ਬੰਦਿਆਂ ਨੂੰ ਲੈ ਕੇ ਬਠਿੰਡੇ ਗਿਆ ਤਾਂ ਕਿ ਲੋਨ ਦੇ ਪੈਸੇ ਭਰਨ ਬਾਰੇ ਸਮਾਂ ਲੈ ਕੇ ਲੋਨ ਕਲੀਅਰ ਕਰ ਸਕਾ ।

ਪਰ ਆਧਾਰ ਬੈਂਕ ਵਿੱਚ ਸਾਨੂੰ ਬੇਇਜਤ ਕਰਕੇ ਬਿਨਾਂ ਗੱਲ ਕੀਤਿਆਂ ਮੋੜ ਦਿੱਤਾ ਤਾਂ ਮੈਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂਆਂ ਦੇ ਧਿਆਨ ਵਿੱਚ ਲਿਆਂਦਾ ਹੈ ਵਰਿੰਦਰ ਸਿੰਘ ਫੌਜੀ ਦੀ ਘਰ ਦੀ ਕੁਰਕੀ ਲਈ ਇਕੱਠ ਨੂੰ ਸੰਬੋਧਿਤ ਕਰਦਿਆਂ ਆਗੂਆਂ ਨੇ ਆਖਿਆ ਕਿ ਪ੍ਰਾਈਵੇਟ ਕੰਪਨੀਆਂ ਕਿਰਤੀ ਲੋਕਾਂ ਦੀ ਲੁੱਟ ਬਹੁਤ ਤਿੱਖੀ ਕੀਤੀ ਹੋਈ ਹੈ। ਪਰ ਸਰਕਾਰਾਂ ਉਨ੍ਹਾਂ ਦੀ ਲੁੱਟ ਨੂੰ ਰੋਕ ਨਹੀਂ ਰਹੀਆਂ। ਉਲਟ ਖੁੱਲ ਦੇ ਰਹੀਆਂ ਹਨ ਇਸ ਸਬੰਧੀ ਜਾਣਕਾਰੀ ਦਿੰਦਿਆਂ ਤਰਸੇਮ ਸਿੰਘ ਖੁੰਡੇ ਹਲਾਲ ਨੇ ਦੱਸਿਆ ਕਿ ਆਧਾਰ ਕੰਪਨੀ ਨੇ ਸਾਡੇ 17 ਲੱਖ ਦਾ ਲੋਨ ਵਰਿੰਦਰ ਸਿੰਘ ਨੂੰ ਦਿੱਤਾ ਸੀ ਅਤੇ ਹੁਣ ਲੋਨ ਜੋਂ ਕੀ 58,ਲੱਖ ਰੁਪਏ ਭਰਨ ਨੂੰ ਕਿਹਾ ਜਾ ਰਿਹਾ ਹੈ।

ਮੂਲ ਤੋਂ ਵੀ ਤਿੰਨ ਗੁਣਾ ਪੈਸੇ ਭਰਾਉਣ ਦੀ ਗੈਰ ਕਾਨੂੰਨੀ ਲੁੱਟ ਵਿੱਚ ਕੋਰਟ ਵਿੱਚ ਇਹਨਾਂ ਕੰਪਨੀਆਂ ਦੇ ਪੱਖ ਵਿੱਚ ਭੁਗਤ ਰਹੀਆਂ ਹਨ। ਆਗੂਆਂ ਨੇ ਕਿਹਾ ਕਿ ਅੱਜ ਭਾਵੇਂ ਕੁਰਕੀ ਕਰਨ ਲਈ ਕੋਈ ਅਧਿਕਾਰੀ ਨਹੀਂ ਪਹੁੰਚਿਆ ਜੇਕਰ ਆਉਣ ਵਾਲੇ ਸਮੇਂ ਵਿੱਚ ਇਸ ਪਰਿਵਾਰ ਦੀ ਕੁਰਕੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜਥੇਬੰਦੀਆਂ ਵੱਲੋਂ ਕਿਸੇ ਕੀਮਤ ਤੇ ਕੁਰਕੀ ਨਹੀਂ ਹੋਣ ਦਿੱਤੀ ਜਾਵੇਗੀ ਇਸ ਸਮੇਂ ਜਸਵਿੰਦਰ ਕੌਰ ਦਬੜਾ, ਹਰਭਜਨ ਸਿੰਘ, ਬੋਹੜ ਸਿੰਘ, ਜਸਮੇਲ ਕੌਰ,ਛਿੰਦਰ ਸਿੰਘ ਰਾਮ ਨਗਰ, ਬਲਵਿੰਦਰ ਸਿੰਘ, ਗੁਰਮੇਲ ਸਿੰਘ ਰਾਣੀ ਵਾਲਾ ਆਦਿ ਆਗੂ ਹਾਜ਼ਰ ਸਨ।

# ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨ ਦੀ ਮਿਤੀ ’ਚ ਵਾਧਾ



**ਬਠਿੰਡਾ, 2 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਜ਼ਿਲ੍ਹੇ ਵਿੱਚ ਪੈਂਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣ ਦੇ ਮੱਦੇਨਜ਼ਰ ਪਹਿਲਾ ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨ ਦੀ ਮਿਤੀ 24 ਜਨਵਰੀ 2025 ਸੀ, ਜੋ ਕਿ ਹੁਣ ਵਧਾ ਕੇ 10 ਮਾਰਚ 2025 ਕਰ ਦਿੱਤੀ ਗਈ ਹੈ।

ਜ਼ਿਲ੍ਹਾ ਚੋਣ ਅਫਸਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਅੱਗੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੋਟਰ ਸੂਚੀਆਂ ਦੀ ਆਖਰੀ ਪ੍ਰਕਾਸ਼ਨਾ 16 ਅਪ੍ਰੈਲ 2025 ਨੂੰ ਹੋਵੇਗੀ।

# ਨਾਭਾ ਵਿੱਚ ਸ਼ਰੇਆਮ ਵਿਕ ਰਹੀ ਚਾਈਨਾ ਡੋਰ



**ਨਾਭਾ, 2 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਸ਼ਹਿਰ ਵਿੱਚ ਸਰੇਆਮ ਚਾਈਨੀ ਡੋਰ ਵਿਕਦੀ ਹੋਈ ਨਜ਼ਰ ਆ ਰਹੀ ਹੈ ਜਿਸ ਨੂੰ ਵੇਖਦੇ ਹੋਏ! ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਅਕਾਲੀ ਦਲ ਸੁਤੰਤਰਾਂ ਦੇ ਮੈਂਬਰਾਂ ਵੱਲੋਂ ਬਾਬਾ ਦੇ ਪਟਿਆਲਾ ਗੇਟ ਵਿਖੇ ਰੋਸ਼ ਮੁਜਾਰਾ ਕਰਦੇ ਹੋਏ ਪ੍ਰਸ਼ਾਸਨ ਦਾ ਪੁਤਲਾ ਫੂਕਿਆ! ਪਰਮਜੀਤ ਸਿੰਘ ਸਹੋਲੀ ਨੇ ਸੰਬੋਧਿਤ ਕਰਦੇ ਹੋਏ ਕਿਹਾ ਕਿ ਨਾਬਾ ਸ਼ਹਿਰ ਦੇ ਆਸ ਪਾਸ ਖੇਤਰ ਵਿੱਚ ਸਰੇਆਮ ਚਾਈਨਾ ਡੋਰ ਵਿਕ ਰਹੀ ਹੈ ! ਉਹਨਾਂ ਨੇ ਕਿਹਾ ਕਿ ਨਾਤਾ ਪ੍ਰਸ਼ਾਸਨ ਤੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਰਾਈਨ ਡੋਰ ਜਿਹੜੀ ਕਿ ਸਕੂਲ ਜਾਦੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਕੀਮਤੀ ਜਾਨਾ ਲੈ ਰਹੀ ਹੈ ਉਸ ਦੇ ਲਈ ਦੁਕਾਨਦਾਰ ਬੱਚੇ ਦੇ ਮਾਪੇ ਨੂੰ ਜਿੰਮੇਵਾਰ ਠਹਿਰਾਇਆ ਜਾਵੇ ਬਹੁਤ ਦੁੱਖ ਹੋਇਆ ਜਦੋਂ ਬੱਚਿਆਂ ਦੀਆਂ ਗਰਦਨਾਂ ਕੋਟੀਆਂ ਦੀਆਂ ਫੋਟੋਆਂ ਬੀਬੀਆਂ ਦੀਆਂ ਡਿਊਟੀਆਂ ਤੇ ਜਾਂਦੀਆਂ ਦੀਆਂ ਕੰਮ ਕਾਰ ਕਰਦਿਆਂ ਦੀਆਂ ਬੰਦਿਆ ਦੀਆਂ ਕੀਮਤੀ ਜਾਨਾ ਇਹਦੇ ਨਾਲ ਜਾ ਰਹੀਆਂ ਨੇ ਉਸ ਦੇ ਲਈ ਪ੍ਰਸ਼ਾਸਨ ਨਿਸਰਨ ਕਮੇਟੀ ਦੇ ਈਓ ਤੇ ਪ੍ਰਧਾਨ ਰਾਹੀਂ ਸਮੂਹ ਐਮਸੀ ਨੂੰ ਪਿੰਡ ਦੇ ਸਰਪੰਚਾ ਨੂੰ ਇਹ ਦੱਸੇ ਕੇਸ ਕੀਮਤੀ ਜਾਨਾਂ ਨੂੰ ਬਚਾਉਣ ਦੇ ਲਈ ਪਿੰਡਾਂ ਚ ਸਪੀਕਰਾਂ ਰਾਹੀਂ ਸ਼ਹਿਰਾਂ ਚ ਰਖਸਿਆਂ ਰਾਹੀਂ ਗਲੀਆਂ ਮੁਹੱਲਿਆ ਚ ਆਵਾਜ ਦਿੱਤੀ ਜਾਵੇ ਕਿ ਜੇਕਰ ਕੋਈ ਖਾਣ ਵਾਲੀਆਂ ਚੀਜ਼ਾਂ ਚ ਮਿਲਾਵਟ ਕਰਨ ਦਾ ਫੜਿਆ ਜਾਂਦਾ ਚਾਈਨਾ ਡੋਰ ਨਾਲ ਬੱਚੇ ਕਿਸੇ ਦੇ ਘਰ ਦੇ ਉੱਪਰ ਛੱਤ ਤੇ ਘਤੰਗ ਚੜਾਉਂਦੇ ਚਾਈਨਾ ਡੋਰ ਰਾਹੀਂ ਫੜੇ ਜਾਂਦੇ ਨੇ ਉਸ ਘਰ ਤੇ ਕਿੱਥੋਂ ਲੈ ਕੇ ਆਇਆ ਉਸ ਤੇ ਸਖਤ ਕਾਰਵਾਈ ਕੀਤੀ ਜਾਵੇ ਅਸੀ ਆਮ ਰੱਖਦੇ ਆਂ ਅਕਾਲੀ ਦਲ ਸੁਤੰਤਰ ਵੱਲੋਂ ਕਿ ਸਾਡਾ ਦਿੱਤਾ ਸੁਨੇਹਾ ਪ੍ਰਸ਼ਾਸਨ ਤੇ ਧਿਆਨ ਨਾਲ ਪੜ੍ਹ ਕੇ ਅਮਲ ਕਰੇਗਾ ਤੇ ਲੋਕਾਂ ਦੀ ਕੀਮਤੀ ਜਾਣ ਦੀ ਰਾਖੀ ਕਰੇਗਾ ਵਿਸ਼ੇਸ਼ ਤੌਰ ਤੇ ਮਿਲਾਵਟਕੋਰਾ ਦੇ ਖਿਲਾਫ ਸਰਕਾਰ ਦਾ ਬਣਾਇਆ ਮਹਿਕਮਾ ਤੇ ਹਰ ਸਾਲ ਛਾਪਾਮਾਰੀ ਕਰਦਾ ਦਿਸੂਗਾ ਉਸ ਤੋਂ ਬਾਅਦ ਕੁੰਭ ਕਰਨ ਦੀ ਨਹੀਂ ਸੁੱਤਾ ਰਹਿੰਦਾ ਜਿਸ ਨੂੰ ਜਗਾਉਣ ਦੇ ਲਈ ਤਹਿਸੀਲ ਦੇ ਅਫਸਰਾਂ ਤੋਂ ਲੈ ਕੇ ਡਿਪਟੀ ਕਮਿਸ਼ਨਰ ਤੇ ਪੰਜਾਬ ਸਰਕਾਰ ਆਪਣੀ ਜਿੰਮੇਵਾਰੀ ਨਿਭਾਵੇ ਤੇ ਜੋ ਅਫਸਰ ਦਿੱਤੇ ਹੁਕਮ ਤੇ ਅਮਲ ਨਹੀਂ ਕਰਦੇ ਉਹਨਾਂ ਦੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ! ਇਸ ਮੌਕੇ ਤੇ ਅਕਾਲੀ ਦਲ ਸੁਤੰਤਰ ਵੱਲੋਂ ਸਰਕਾਰ ਅਤੇ ਪ੍ਰਸ਼ਾਸਨ ਦਾ ਪੁਤਲਾ ਸਾੜਿਆ ਗਿਆ!

ਇਸ ਮੌਕੇ ਤੇ ਸੁਰਜੀਤ ਸਿੰਘ ਬਾਬਲਪੁਰ ਰਘਵੀਰ ਸਿੰਘ ਨੌਰਾ ਹੈਪੀ ਸੁੱਖੇਵਾਲ ਹਰਬੰਸ ਸਿੰਘ ਖੱਟੜਾ ਬਿੱਲੂ ਸਹੌਲੀ ਘੋਲਾ ਪਰਜਾਪਤ ਨਾਜਰ ਖਾਂ ਦੀਸਾ ਸਹੌਲੀ ਪਰਮਜੀਤਨਾਭਾ ਭੰਗੂ ਫਲੇੜੇ ਵਾਲਾ ਬਿੰਦਾ ਬਿਰਕ ਹਰਬੰਸ ਸਿੰਘ ਮੜੌੜ ਬਾਬਾ ਸਹੌਲੀ ਜਰਨੈਲ ਸਿੰਘ ਸਹੌਲੀ ਅੱਡਾ, ਰਾਜਾ ਨਾਭਾ ਤੇ ਹੋਰ ਅਕਾਲੀ ਦਲ ਦੇ ਮੈਂਬਰ ਮੌਜੂਦ ਰਹੇ! ਇਸ ਮੌਕੇ ਅਕਾਲੀ ਦਲ ਸੁਤੰਤਰ ਦੇ ਮੈਂਬਰਾਂ ਵੱਲੋਂ ਨਾਭਾ ਪ੍ਰਸ਼ਾਸਨ ਐਸਡੀਐਮ ਦੇ ਨਾਮ ਤੇ ਇੱਕ ਮੰਗ ਪੱਤਰ ਨਾਭਾ ਕੋਤਵਾਲੀ ਦੇ ਇੰਸਪੈਕਟਰ ਜਸਵਿੰਦਰ ਸਿੰਘ ਖੋਖਰ ਨੂੰ ਮੰਗ ਪੱਤਰ ਦਿੱਤਾ!




ਡੀ.ਏ.ਵੀ ਸਕੂਲ ਸਮਾਣਾ ਦੀ ਵਿਦਿਆਰਥਣ ਸੁਭਦੀਪ ਕੌਰ ਨੂੰ ਖੇਡਾਂ ਵਤਨ ਪੰਜਾਬ ਦੀਆਂ ’ਚ ਵਿਸ਼ੇਸ਼ ਪ੍ਰਾਪਤੀਆਂ ਹਾਸਲ ਕਰਨ ’ਤੇ ਗਣਤੰਤਰ ਦਿਵਸ ਮੌਕੇ ਤੇ ਸਨਮਾਨਿਤ ਕਰਦੇ ਹੋਏ ਐਸ.ਡੀ.ਐਮ.ਸਮਾਣਾ ਤਰਸੇਮ ਚੰਦ ਤੇ ਹੋਰ।

# ਕਹਾਣੀ

## ਕੁਰਸੀ ਦਾ ਸੱਚ

ਜਸਵੰਤ ਸਿੰਘ ਵਿਰਦੀ

ਦਿਨ ਚੜ੍ਹਦਾ ਤੇ ਡੁੱਬ ਜਾਂਦਾ,ਡੁੱਬ ਜਾਂਦਾ ਤੇ ਦਿਨ ਫੇਰ ਚੜ੍ਹਦਾ। ਕਈ ਦਿਨਾਂ ਤੱਕ ਮਾਂ ਪੁੱਤਰ 'ਚ ਤਕਰਾਰ ਹੁੰਦੀ ਰਹੀ ਸੀ ਦੋਵੇਂ ਇਕ ਦੂਜੇ ਨੂੰ ਸਮਝਦੇ ਵੀ ਸਨ ਪਰ ਫੇਰ ਵੀ ਤਲਖ ਹੋ ਰਹੇ ਸਨ... ਜਿਵੇਂ ਹਕੀਕਤ ਤੋਂ ਬਾਅਦ ਬੇਮੁੱਖ ਹੋ ਰਹੇ ਹੋਣ।

ਪੁੱਤਰ ਦੀ ਬਿਲਕੁਲ ਸਹਿਮਤੀ ਨਹੀਂ ਸੀ, ਪਰ ਮਾਂ ਦੇ ਵਾਰ-ਵਾਰ ਕਹਿਣ 'ਤੇ ਉਹ ਨੌਕਰੀ ਲੈਣ ਲਈ ਤਿਆਰ ਹੋ ਗਿਆ। ਅਸਲ ਮਸਲਾ ਓਹਦੇ ਲਈ ਇਹ ਨਹੀਂ ਸੀ ਕਿ ਉਹਨੂੰ ਨੌਕਰੀ ਮਿਲ ਨਹੀਂ ਸੀ ਸਕਦੀ। ਸਗੋਂ ਗੱਲ ਇਹ ਸੀ ਕਿ ਪੁੱਤਰ ਦੀ ਮਾਂ ਨਾਲ ਮਨਿਸਟਰ ਦੀ ਗੂੜ੍ਹੀ ਆਸ਼ਕਾਈ ਹੈ, ਤੇ ਲੋਕ ਇਸ ਗੱਲ ਨੂੰ ਲੈ ਕੇ ਗੱਲਾ ਕਰ ਸਕਦੇ ਸਨ। ਲੋਕਾਂ ਦੀ ਜੀਭ ਨੂੰ ਕਿਵੇਂ ਕੋਈ ਨੱਥ ਪਾ ਸਕਦਾ ਸੀ। ਆਸ਼ਕਾਈ ਵਾਲੀ ਗੱਲ ਨਾਲ ਲੋਕਾਂ ਦਾ ਸੰਬੰਧ ਨਹੀਂ ਸੀ ਪਰ ਨੌਕਰੀ ਵੇਲੇ ਬੜੇ ਲੋਕ ਹੋਣੇ ਸਨ। ਪੁੱਤਰ ਦੀ ਗੱਲ ਸੁਣ ਕੇ ਮਾਂ ਨੇ ਉਹਨੂੰ ਕਿਹਾ ਸੀ-ਲੋਕਾਂ ਦੀ ਜ਼ੁਬਾਨ ਚਹੁੰ ਦਿਨਾਂ ਤੋਂ ਵੱਧ ਨਹੀਂ ਚੱਲਦੀ ਰਹਿ ਸਕਦੀ...

'ਪਰ ਚਾਰ ਦਿਨ'

' ਚਹੁੰ ਦਿਨਾਂ ਦਾ ਕੀ ਹੈ: ਬੀਤਣ ਨੂੰ ਚਾਰ ਵਰ੍ਹੇ ਵੀ ਬੀਤ ਜਾਂਦੇ ਨੇ... ਤੇ ਤੂੰ ਤਿਆਰ ਹੋ ਕੇ ਜਾਹ!ਪਰ ਮਾਂ!'

'ਕਿਉਂ ?

'ਨੌਕਰੀਆਂ ਬਿਰਛਾਂ ਨਾਲ ਨਹੀਂ ਲੱਗਦੀਆਂ, ਲੋਕ ਦੱਸ-ਦੱਸ ਲੱਖ ਖਰਚ ਕਰ ਰਹੇ ਨੇ...'

'ਪਰ ਮਾਂ...' 'ਨਹੀਂ...'

ਜਦੋਂ ਆਪਣੀ ਚਹੇਤੀ ਦੇ ਪੁੱਤਰ ਦੀ ਇਕ ਗੱਲ ਬਾਰੇ ਮਨਿਸਟਰ ਨੂੰ ਪਤਾ ਲੱਗਾ ਤਾਂ ਉਸ ਨੇ ਹੱਸਕੇ ਕਿਹਾ ਕਿ ਮੈਂ ਆਪਣੇ ਪੁੱਤਰ ਨੂੰ ਨੌਕਰੀ ਲੈ ਕੇ ਦਿਤੀ ਤਾਂ ਲੋਕ ਸੱਚਮੁਚ ਵਾਵੇਲਾ ਕਰਨਗੇ... ਮੇਰਾ ਅਰਥੀ ਫੂਕ ਮੁਜ਼ਾਹਰਾ ਵੀ ਕਰ ਸਕਦੇ ਨੇ ...ਪਰ ਹੋਰ ਕਿਸੇ ਲਈ ਮੈਂ ਕੁਝ ਵੀ ਕਰਾਂ.. ਕਿਸੇ ਨੂੰ ਕੀ ?।

' ਪਰ ਇਹ ਤਾ ਪਰਉਪਕਾਰ ਦਾ ਕੰਮ ਹੈ।' ਮਨਿਸਟਰ ਦੀ ਚਹੇਤੀ ਨੇ ਉਹਨੂੰ ਚਿਤਾਰਿਆ ਤਾਂ ਮਨਿਸਟਰ ਨੇ ਕਿਹਾ ਸੀ - ਅਸੀਂ ਸਤਿਯੁਗ ਵਿਚ ਨਹੀਂ ਰਹਿ ਰਹੇ ਪਰਉਪਕਾਰ 'ਚ ਮੇਰਾ ਕੋਈ ਵਿਸ਼ਵਾਸ ਨਹੀਂ। ਇਹ ਤਾਂ ਹੱਥ ਨੂੰ ਹੱਥ ਐਂ।

' ਕੀ ਮਤਲਬ ਤੁਹਾਡਾ ? ਮਤਲਬ ਇਹ ਕਿ ਸਿਲਾਸਿਲਾ ਪੀੜ੍ਹੀ ਦਰ ਪੀੜ੍ਹੀ... ?

ਮੁੰਡੇ ਦੀ ਮਾਂ ਸਾਹ ਘੁੱਟ ਕੇ ਸਹਿ ਗਈ-

'ਸ਼ੁਕਰ ਐ! ਮੇਰੇ ਪੁੱਤਰ ਨੇ ਨਹੀਂ ਸੁਣ ਲਿਆ।' ਉਹ ਸੋਚ ਰਹੀ ਸੀ ਤੇ ਹਾਲੇ ਓਹਦੀ ਸ਼ਾਦੀ ਵੀ ਨਹੀਂ ਹੋਈ...'

ਮਨਸਿਟਰ ਨਾਲ ਜਾਣਾ ਪੈਣਾ ਸੀ ਤੇ ਉਹਦੀ ਕਾਰ ਵਿਚ ਜਾਣਾ ਪੈਣਾ ਸੀ। ਮਾਤਾ ਦੇ ਕਹਿਣ 'ਤੇ ਪੁੱਤਰ ਮੁੜਵਸਾਉ ਵਿਭਾਗ ਵਿਚ ਨੌਕਰੀ ਲੈਣ ਖਾਤਿਰ ਮਨਿਸਟਰ ਦੀ ਕਾਰ ਵਿਚ ਬਹਿ ਕੇ ਚਲਾ ਗਿਆ। ਉਂਝ ਉਹ ਚਾਹੁੰਦਾ ਸੀ ਕਿ ਉਹ ਵੀ ਦੇਸ਼ ਦੇ ਹੋਰ ਨੌਜਵਾਨਾਂ ਵਾਂਗ ਹੀ ਰੁਜ਼ਗਾਰ ਵਿਭਾਗ ਦੇ ਦਫਤਰ ਵਿਚ ਆਪਣਾ ਨਾਂ ਰਜਿਸਟਰ ਕਰਵਾ ਕੇ ਹਜ਼ਾਰਾਂ-ਲੱਖਾਂ ਦੀ ਭੀੜ ਵਿਚ ਲੱਗ ਜਾਵੇ ਤੇ ਸਦੀਆਂ ਤੱਕ ਨੌਕਰੀ ਖਾਤਿਰ ਉਡੀਕਦਾ ਰਹੇ ਪਰ ਮਾਤਾ ਦੇ ਕਹਿਣ 'ਤੇ ਉਹ ਨੌਕਰੀ ਲੈਣ ਲਈ ਚਲਾ ਗਿਆ। ਮਾਤਾ ਨੇ ਕਿਹਾ ਸੀ-'ਪੁੱਤਰ, ਮੇਰੀ ਖਾਤਿਰ! ਮੈਂ ਸਦੀਆਂ ਤੱਕ ਨਹੀਂ ਉਡੀਕ ਸਕਦੀ।'

ਹੁਣ ਉਹਦੀ ਮਾਤਾ ਥੱਕੀ-ਥੱਕੀ ਲੱਗਦੀ ਸੀ, ਜਿਵੇਂ ਹੰਢੀ ਵਰਤੀ ਗਈ ਹੋਵੇ। ਉਹ ਅਕਸਰ ਪੁੱਤਰ ਨੂੰ ਕਹਿੰਦੀ ਸੀ 'ਪੁੱਤਰ, ਤੂੰ ਹੀ ਮੇਰੀ ਇਕੋ-ਇਕ ਆਸ ਏਂ। ਤੇਰੇ ਆਸਰੇ ਨਾਲ ਹੀ ਮੈਨੂੰ ਮੁਕਤੀ ਮਿਲ ਸਕਦੀ ਹੈ...'

'ਮੁਕਤੀ ਕੀ ਮਾਂ!' ' ਕਦੀ ਫੇਰ ਦੱਸਾਂਗੀ...' ਪੁਤਰ ਸੋਚਦਾ ਸੀ-ਸ਼ਾਸਤਰ ਠੀਕ ਹੀ ਕਹਿੰਦੇ ਨੇ। ਪੁੱਤਰ ਹੀ ਮਾਪਿਆਂ ਦਾ ਓਟ ਆਸਰਾ ਹੁੰਦੇ ਨੇ!

ਇਸ ਤਰ੍ਹਾਂ ਦੀਆਂ ਗੱਲ੍ਹਾਂ ਸੋਚਦਾ ਹੋਇਆ ਉਹ ਨੌਕਰੀ ਲਈ ਤਿਆਰ ਹੋ ਗਿਆ ਸੀ। ਲੋਕ ਕਲਿਆਣ ਵਿਭਾਗ ਦੇ ਦਫਤਰ ਕੇਵਲ ਇਕੋ-ਇਕ ਅਸਾਮੀ ਖਾਲੀ ਸੀ, ਪਰ ਅਰਜ਼ੀਆਂ ਕਿੰਨੀਆਂ ਕੁ ਸਨ ? ਇਸ ਗੱਲ ਦਾ ਕੋਈ ਸ਼ੁਮਾਰ ਹੀ ਨਹੀਂ ਸੀ। ਜਿਨ੍ਹਾਂ ਲੋਕਾਂ ਨੂੰ ਇੰਟਰਵਿਊ ਲਈ ਕਾਰਡ ਨਹੀਂ ਸਨ ਗਏ, ਉਹ ਵੀ ਸੂਹ ਕੱਢ ਕੇ ਆ ਗਏ ਸਨ। ਉਨ੍ਹਾਂ ਦੇ ਮਨ ਵਿਚ ਸੀ ਕਿ ਜੇਕਰ ਕੋਈ ਯੋਗ ਵਿਅਕਤੀ ਨਾ ਲੱਭੇ ਤਾਂ ਉਨ੍ਹਾਂ ਵਿਚੋਂ ਹੀ ਕਿਸੇ ਦੀ ਕਿਸਮਤ ਜਾਗ ਸਕਦੀ ਹੈ। ਕਈ ਅਜਿਹੇ ਵੀ ਸਨ ਜਿੰਨ੍ਹਾਂ ਨੂੰ ਜੋਤਸ਼ੀਆਂ ਨੇ ਜ਼ੋਰ ਦੇ ਕੇ ਭੇਜਿਆ ਸੀ।


'ਹੁਣ ਤੁਹਾਡੀ ਗ੍ਰਹਿ ਚਾਲ ਅਨੁਸਾਰ ਨੌਕਰੀ ਦਾ ਪੱਕਾ ਯੋਗ ਹੈ। ਇਸ ਲਈ ਪੁੰਨਦਾਨ ਕਰਕੇ ਨੌਕਰੀ ਦਾ ਪਿੱਛਾ ਕਰਨੋਂ ਘਬਰਾ ਕਿਉਂ ਰਹੇ ਹੋ ? ਨੌਕਰੀ ਪ੍ਰਾਪਤ ਕਰਕੇ ਤੁਸੀਂ ਆਪਣੇ ਭਵਿੱਖ ਨੂੰ ਉਜਲਾ ਬਣਾ ਸਕਦੇ ਹੋ...'

' ਪਰ ਨੌਕਰੀ ?'

' ਤੁਸੀਂ ਕਿਤੇ ਜਾਓ ਤਾਂ ਸਹੀ...ਅਤੇ ਖਰਚ ਵੀ ਕਰੋ।'

ਅਤੇ ਉਹ ਨੌਜਵਾਨ ਨੌਕਰੀ ਦਾ ਪਿੱਛਾ ਕਰਦੇ ਹੋਏ ਲੋਕ ਕਲਿਆਣ ਵਿਭਾਗ ਦੇ ਦਫਤਰ ਸਾਹਮਣੇ ਪੁੱਜ ਗਏ ਸਨ।

ਕੁਝ ਅਜਿਹੇ ਵੀ ਸਨ ਜਿਹੜੇ ਤਮਾਸ਼ਾ ਵੇਖਣ ਲਈ ਆਏ ਸਨ। ਉਨ੍ਹਾਂ ਦੇ ਮਨਾਂ ਵਿਚ ਇਹ ਵੀ ਇੱਛਾ ਹੁੰਦੀ ਹੈ ਕਿ ਕਿਹੜਾ-ਕਿਹੜਾ ਗੱਭਰੂ



ਮੂੰਹ ਲਟਕਾ ਕੇ ਘਰ ਵੱਲ ਨੂੰ ਟੁਟ ਗਿਆ ਹੈ ? ਮੂੰਹ ਲਟਕਾ ਕੇ ਮੁੜਨਾ ਵੀ ਅਨੋਖਾ ਦ੍ਰਿਸ਼ ਹੁੰਦਾ ਹੈ। ਕਈ ਇਹ ਵੇਖਣ ਲਈ ਵੀ ਜਾਂਦੇ ਨੇ ਕਿ ਖੁਦਕਸ਼ੀ ਕਰਨ ਵਾਲੇ ਨੌਜਵਾਨ ਦਾ ਚਿਹਰਾ ਕਿਹੋ ਜਿਹਾ ਸੀ। ਜਾਂ, ਕਿਸੇ ਨੇ ਨਿਰਾਸ਼ ਹੋ ਕੇ ਵੀ ਖੁਦਕਸ਼ੀ ਕਿਉਂ ਨਹੀਂ ਸੀ ਕੀਤੀ ?

ਬੇਕਾਰ ਨੌਜਵਾਨ ਸ਼ਾਇਦ ਇਸੇ ਕਰਕੇ ਜੀਉਂਦੇ ਰਹਿ ਜਾਂਦੇ ਨੇ ਕਿ ਉਹ ਆਪਣੇ ਆਪ ਨੂੰ ਮਖੌਲ ਕਰ ਸਕਦੇ ਨੇ-'ਮੈਂ ਹਰ ਸ਼ਰਮ 'ਚ ਜਿਊਂਦਾ ਰਹਿ ਗਿਆ ਦੋਖੋ ਮੇਰੀ ਢੀਠਤਾ।,

ਮਨਿਸਟਰ ਨੇ ਆਪਣੀ ਚਹੇਤੀ ਨੂੰ ਪੁੱਛਿਆ ਸੀ- ਤੂੰ ਵੀ ਨਾਲ ਚੱਲੇਂਗੀ ?

' ਨਹੀਂ ਉਨ੍ਹਾਂ ਕਿਹਾ ਸੀ ਤਾਂ ਮਨਸਿਟਰ ਨੇ ਪੁੱਛਿਆ ਸੀ -ਕਿਉਂ ?

'ਨੌਕਰੀ ਮੈਂ ਤਾਂ ਨਹੀਂ ਕਰਨੀ...'

ਇਸ ਗੱਲ 'ਤੇ ਮਨਿਸਟਰ ਹੱਸ ਪਿਆ ਸੀ ' ਹਾਂ, ਤੂੰ ਤਾਂ...

ਚਹੇਤੀ ਨੇ ਮਨਿਸਟਰ ਨੂੰ ਟੋਕ ਕੇ ਜਵਾਬ ਦਿੱਤਾ ਸੀ ' ਮੇਰਾ ਪੁੱਤਰ ਹੀ ਤੁਹਾਡੇ ਨਾਲ ਜਾਵੇਗਾ...., ਮਨਿਸਟਰ ਨੇ ਫੇਰ ਕਿਹਾ ਸੀ ਭਾਵੇਂ ਉਹ ਵੀ ਨਾ ਜਾਵੇ... ਨੌਕਰੀ ਤਾਂ

' ਨਹੀਂ, ਉਹ ਜਾਵੇਗਾ। ਮੁੰਡੇ ਦੀ ਮਾਂ ਨੇ ਕਿਹਾ ਹਰ ਗੱਲ ਕਾਇਦੇ ਕਾਨੂੰਨ ਮੁਤਾਬਿਕ ਕਰੋ ਮਨਿਸਟਰ ਖਾਮੋਸ਼ ਹੋ ਗਿਆ।

ਵੈਸੇ ਸੋਚ ਰਿਹਾ ਸੀ-ਕਾਇਦਾ ਕਾਨੂੰਨ ਕੀ ? ਮੈਂ ਨੌਕਰੀ ਬਦਲੇ ਅੱਠ ਦਸ ਲੱਖ ਲੈ ਸਕਦਾ ਹਾਂ,

ਮਨਿਸਟਰ ਦਾ ਆਪਣਾ ਹੀ ਤਾਂ ਵਿਭਾਗ ਸੀ ਅਤੇ ਉਹ ਕੇਵਲ ਟੈਲੀਫੋਨ ਰਾਹੀਂ ਆਦੇਸ਼ ਦੇ ਕੇ ਉਸ ਨੌਜਵਾਨ ਨੂੰ ਭਰਤੀ ਕਰਵਾ ਸਕਦਾ ਸੀ ਪਰ ਉਹ ਆਪਣੀ ਚਹੇਤੀ ਨਾਰ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਉਸ ਦੀ ਮੁਹੱਬਤ ਖਾਤਿਰ ਕੀ ਕੁਝ ਕਰ ਸਕਦਾ ਸੀ। ਪਿਛਲੇ ਵਰ੍ਹੇ ਉਹਨੇ ਆਪਣੀ ਉਸ ਚਹੇਤੀ ਨੂੰ ਹੀਰਿਆਂ ਵਾਲੇ ਬੁੰਦੇ ਵੀ ਬਣਵਾ ਕੇ ਦਿੱਤੇ ਸਨ। ਇਲੈਕਸ਼ਨ ਤੋਂ ਪਹਿਲਾਂ ਉਸਨੇ ਇਕ ਵਾਰ ਘਰ ਬਣਾ ਕੇ ਦੇਣ ਦਾ ਲਾਰਾ ਵੀ ਲਾਇਆ ਸੀ। ਸਾੜ੍ਹੀਆਂ ਤਾਂ ਉਹ ਅਕਸਰ ਲੈ ਦਿਆ ਕਰਦਾ ਸੀ।

' ਏਨੀਆਂ ਕਾਹਦੇ ਲਈ ?'

' ਚੀਰਹਰਣ ਨਹੀਂ ਹੁੰਦਾ ?'

ਇਕ ਵਾਰ ਇਕ ਮਸਫੁੱਟੇ ਗੱਭਰੂ ਨੇ ਉਹਦੀ ਚਹੇਤੀ ਨੂੰ ਟਿਚਰ ਕਰ ਦਿਤੀ ਤਾਂ ਮਨਿਸਟਰ ਨੇ ਉਹਨੂੰ ਟਾਡਾ ਅਧੀਨ ਅੰਦਰ ਕਰਵਾ ਦਿੱਤਾ ਸੀ।

ਗਰਮੀਆਂ ਵਿਚ ਉਹ ਆਪਣੀ ਚਹੇਤੀ ਨੂੰ ਕਸ਼ਮੀਰ ਦੇ ਦੌਰੇ 'ਤੇ ਵੀ ਲੈ ਗਿਆ ਸੀ। ਲੋਕ ਉਸ ਨੂੰ ਮਨਿਸਟਰ ਦੀ ਪਤਨੀ ਹੀ ਸਮਝਦੇ ਰਹੇ। ਕਈ ਵਾਕਫਕਾਰ ਤਾਂ ਹੱਸ ਕੇ ਕਹਿ ਵੀ ਦਿੰਦੇ ' ਬਈ ਜ਼ਨਾਨੀ ਦੇ ਚਿਹਰੇ 'ਤੇ ਤਾਂ ਨਹੀਂ ਲਿਖਿਆ ਹੋਇਆ ਹੁੰਦਾ ਕਿ ਉਹ ਪਤਨੀ ਹੈ ਕਿ... ?

ਮਨਿਸਟਰ ਸੁਣਦਾ ਤੇ ਮਨ ਹੀ ਮਨ 'ਚ ਕਹਿੰਦਾ-' ਲੋਕ ਕਿੰਨੇ ਕਮੀਨੇ ਹੋ ਗਏ ਨੇ ...'

ਕਈ ਲੋਕ ਉਹਦੀ ਪਤਨੀ ਤੱਕ ਵੀ ਕਈ ਕਿਸਮ ਦੀਆਂ ਗੱਲਾਂ ਪਹੁੰਚਾਉਂਦੇ ਪਰ ਉਹ ਕੇਵਲ ਏਨਾ ਹੀ ਕਹਿੰਦੀ ਸੀ..' ਇਹ ਰਾਜਨੀਤੀ ਦੀਆਂ ਚਾਲਾਂ ਨੇ .... ਮੈਂ ਕੀ ਕਰ ਸਕਦੀ ਹਾਂ..'

ਇਕ ਵਾਰ ਮਨਿਸਟਰ ਉਹਨੂੰ ਪ੍ਰੈਸ ਰਿਪੋਰਟਰ ਬਣਾ ਕੇ ਵਲੈਤ ਵੀ ਲੈ ਕਿਆ ਸੀ। ਹੋਰ ਪਤਾ ਨਹੀ ਮਨਿਸਟਰ ਨਾਲ ਕਿੱਥੇ-ਕਿੱਥੇ ਜਾਂਦੀ ਪਰ ਉਹ ਬਿਮਾਰ ਹੋ ਗਈ ਸੀ ਤੇ ਮਨਿਸਟਰ ਦੀ ਪਤਨੀ ਨੇ ਉਸ ਨੂੰ ਮਿਹਣਾ ਦਿੱਤਾ ਸੀ-' ਤੁਸੀਂ ਤਾਂ ਓਹਦੇ ਕੋਲੋਂ ਪੁੱਤਰ ਲੈਣ ਲਈ ਗਏ ਸੀ... ?

' ਤੂੰ ਨਿਰੀ ਮੂਰਖ ਏਂ! ਤੈਨੂੰ ਜ਼ਿੰਦਗੀ ਦੇ ਤਕਾਜ਼ੇ ਸਮਝ ਨਹੀਂ ਆ ਸਕਦੇ...

ਇਸ ਤਰ੍ਹਾਂ ਪਤੀ-ਪਤਨੀ ਵਿਚਕਾਰ ਤੂੰ ਤੜਾਕ ਦਾ ਸਿਲਸਿਲਾ ਤਲਾਕ ਤੱਕ ਪੁੱਜ ਚੱਲਿਆ ਸੀ ਪਰ ਰਿਸ਼ਤੇਦਾਰਾਂ ਅਤੇ ਹਮਦਰਦਾਂ ਤੇ ਉਹਨੂੰ ਸਮਝਾਇਆ।

'ਹੁਣ ਤੁਸੀਂ ਲੋਕਾਂ ਦੇ ਨੁਮਾਇੰਦੇ ਹੋ! ਤਬਾਹੀ ਦਾ ਸਿਲਸਿਲਾ ਘਰੋਂ ਤਾਂ ਨਾ ਸ਼ੁਰੂ ਕਰੋ। ਨਾਲੇ ਇਕ ਪਰਾਈ ਜ਼ਨਾਨੀ ਦੀ ਖਾਤਿਰ।' ਵਿਰੋਧੀ ਧੜੇ ਦੇ ਨੇਤਾ ਲੋਕ ਹੱਸ ਕੇ ਕਹਿ ਦਿੰਦੇ ਸਨ।' ਰੰਗ ਬਿਰੰਗੀਆਂ ਰੰਨ੍ਹਾਂ ਨਾਲ ਮੌਜ ਮੇਲੇ ਕਰਨੇ ਹੋਣ ਤਾਂ ਬੰਦਾ ਮਨਿਸਟਰ ਬਣੇ।' ਮਨਿਸਟਰ ਦੀ ਚਹੇਤੀ ਦਾ ਪੁੱਤਰ ਅਕਸਰ ਆਪਣੀ ਮਾਂ ਨਾ ਲੜਦਾ ਸੀ-ਮੈਂ ਕੀ ਖੱਟਿਆ, ਸਿਵਾਏ ਬਦਨਾਮੀ ਦੇ।'

'ਪੁੱਤਰ ਸਬਰ ਕਰ।' ਮਾਂ ਕਹਿੰਦੀ ਤਾਂ ਪੁੱਤਰ ਜਵਾਬ ਦਿੰਦਾ ' ਉਹ ਆਪਣੇ ਸਾਲੇ-ਸਾਲੀਆਂ ਦੇ ਤਾਂ ਘਰ ਭਰੀ ਜਾ ਰਹੈ।'

'ਚੁੱਪ ਕਰ।'

'ਚੁੱਪ ਕਰ ਨਹੀਂ ਮੈ ਚੁਰਾਹੇ 'ਚ ਓਹਦਾ ਭਾਂਡਾ ਭੰਨ ਦਿਆਗਾਂ।'

'ਨਹੀਂ।' ਮਾਂ ਦ੍ਰਿੜਤਾ ਨਾਲ ਪੁੱਤਰ ਨੂੰ ਕਹਿੰਦੀ -'ਤੂੰ ਕੁਝ ਨਹੀਂ ਕਰੇਂਗਾ, ਜਦੋਂ, ਤੱਕ ਮੈਂ ਤੈਨੂੰ ਨੌਕਰੀ 'ਤੇ ਨਹੀਂ ਲੁਆ ਲੈਂਦੀ।

'ਪਰ ਮੈਂ ਉਹਨੂੰ ਨਫਰਤ ਕਰਦਾ।'

'ਫੇਰ ਵੀ ਤੂੰ ਚੁੱਪ ਰਹੇਂਗਾ...'

ਇਸ ਤਰ੍ਹਾਂ ਦੇ ਹਾਲਾਤ ਵਿਚ ਮਨਿਸਟਰ ਸਮਝਦਾ ਸੀ ਕਿ ਜੇਕਰ ਉਹ ਆਪਣੀ ਚਹੇਤੀ ਦੇ ਪੁੱਤਰ ਨੂੰ ਆਪਣੀ ਕਾਰ ਵਿਚ ਬਿਠਾ ਕੇ ਨੌਕਰੀ ਦਿਵਾਉਣ ਲਈ ਲਿਆਇਆ ਸੀ ਤਾਂ ਇਹ ਕੁਰਬਾਨੀ ਤੋਂ ਘੱਟ ਨਹੀਂ ਸੀ, ਉਹਦੇ ਮਨ ਵਿਚ ਸੀ ' ਨੌਜਵਾਨ ਦੀ ਜ਼ਿੰਦਗੀ ਬਣ ਜਾਵੇ, ਨਫਰਤ ਦਾ ਕੀ ਹੈ....ਨਫਰਤ ਕਿਹੜਾ ਉਸੇ ਨੂੰ ਭਸਮ ਕਰ ਸਕਦੀ ਹੈ.... ਨਾਂਲੇ ਅੱਜ ਕਲ ਕੌਣ ਕਿਸ ਨੂੰ ਨਫਰਤ ਨਹੀਂ ਕਰਦਾ ? ਜਦੋਂ ਉਹ ਕਾਰ ਵਿਚ ਬੈਠ ਦਫਤਰ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੇ ਰਾਹੀ ਵਿਚ ਇਕ ਦੂਜੇ ਨਾਲ ਨਾਲ ਕੋਈ ਗੱਲ ਨਹੀਂ ਸੀ ਕੀਤੀ। ਮਨਿਸਟਰ ਉੱਚੀਆਂ ਇਮਾਰਤਾਂ ਵੱਲ ਤਕਦਾ ਰਿਹਾ ਸੀ, ਤੇ ਨੌਜਵਾਨ ਲੋਕਾਂ ਦੇ ਖੁੱਥੜ ਚਿਹਰਿਆ ਵੱਲ ਘੂਰਦਾ ਰਿਹਾ ਸੀ... ਦੋਵਾਂ ਦੀ ਨਜ਼ਰ 'ਚ ਕੋਈ ਫਰਕ ਨਹੀਂ ਸੀ.... ਦਫਤਰ ਦੇ ਸਾਹਮਣੇ ਬਹੁਤ ਸਾਰੇ ਬੇਕਾਰ ਪਰ ਨੌਕਰੀ ਦੀ ਇੱਛਾ ਨਾਲ ਦੂਰੋਂ-ਦੂਰੋਂ ਆਏ ਹੋਏ, ਮੁਰਝਾਏ ਚਿਹਰਿਆਂ ਵਾਲੇ ਨੌਜਵਾਨਾਂ ਦੀ ਭੀੜ ਖਲੋਤੀ ਉਮੀਦ ਤੇ ਨਾਂ ਉਮੀਦੀ ਨਾਲ ਜੂਝ ਰਹੀ ਸੀ। ਉਸ ਭੀੜ ਦਾ ਚਿਹਰਾ ਤਨਾਅਪੂਰਨ ਅਤੇ ਉਦਾਸ ਸੀ।

'ਅੱਜਕਲ ਦੇ ਨੌਜਵਾਨ ਪਤਾ ਨਹੀਂ ਏਨੇ ਉਦਾਸ ਤੇ ਮੁਰਝਾਏ ਹੋਏ ਕਿਉਂ ਨੇ ? ਮਨਿਸਟਰ ਨੇ ਹਮਦਰਦੀ ਨਾਲ ਸੋਚਿਆ ਅਤੇ ਵਿਭਾਗ ਦੇ ਡਾਇਰਕੈਟਰ ਤੋਂ ਉਹਨੇ ਉਸ ਵੇਲੇ ਇਸ ਰਹੱਸ ਦਾ ਕਾਰਨ ਜਾਨਣ ਦਾ ਯਤਨ ਕੀਤਾ, ਜਦੋਂ ਉਹ ਆਪਣੀ ਚਹੇਤੀ ਦੇ ਪੁੱਤਰ ਖਾਤਿਰ ਡਾਇਰਕੈਟਰ ਨੂੰ ਨਿਯੁਕਤੀ ਲਈ ਕਹਿ ਰਿਹਾ ਸੀ।

ਡਾਇਰਕੈਟਰ ਨੇ ਕਿਹਾ ਸੀ-ਸਰ, ਮੇਰੇ ਖਿਆਲ ਵਿਚ ਤਾਂ ਹੁਣ ਹਵਾਵਾਂ ਹੀ ਇਸ ਤਰ੍ਹਾਂ ਚੱਲਦੀਆਂ ਨੇ ਕਿ ਨੌਜਵਾਨ ਦੇ ਚਿਹਰੇ ਖਿੜ ਹੀ ਨਹੀਂ ਸਕਦੇ।

'ਕੀ ਕਦੀ ਅਜਿਹੀਆਂ ਹਵਾਵਾਂ ਵੀ ਚੱਲਣਗੀਆਂ, ਜਿਹੜੀਆਂ ਨੌਜਵਾਨਾਂ ਦੇ ਚਿਹਰਿਆਂ 'ਤੇ ਖੇੜਾ ਲਿਆ ਸਕਣ ? ਮਨਿਸਟਰ ਨੇ ਮਾਸੂਮੀਅਤ ਨਾਲ ਪੁੱਛਿਆ ਤਾਂ ਡਾਇਰੈਕਟਰ ਨੇ ਮਨਿਸਟਰ ਨਾਲੋਂ ਵੀ ਵੱਧ ਮਾਸੂਮੀਅਤ ਵਿਚ ਜਵਾਬ ਦਿੱਤਾ ਸੀ -' ਸਰ! ਹੁਣ ਤਾਂ ਸਭ ਕੁਝ ਤੁਹਾਡੇ 'ਤੇ ਨਿਰਭਰ ਕਰਦੈ।'

ਮਨਿਸਟਰ ਨੇ ਗੰਭੀਰ ਹੋ ਕੇ ਕਿਹਾ ਸੀ-ਮੈਂ ਕਿੰਨੀ ਕੁਰਬਾਨੀ ਕਰ ਸਕਦਾਂ ? ' ਸੱਚ ਹੈ ਸਰ! ਡਾਇਰੈਕਟਰ ਨੇ ਵੀ ਪੁਸ਼ਟੀ ਕਰ ਦਿਤੀ ਸੀ ਬਿਲਕੁਲ ਸੱਚ ਹੈ ਜੀ..' ਦਫਤਰ ਵਿਚ ਜਿਹੜੀ ਇਕ ਅਸਾਮੀ ਖਾਲੀ ਸੀ ਉਹ ਮਨਿਸਟਰ ਦੀ ਚਹੇਤੀ ਦੇ ਪੁੱਤਰ ਦੀ ਉਡੀਕ ਕਰ ਰਹੀ ਸੀ, ਬਾਕੀ ਲੋਕ ਭੀੜ ਵਾਂਗ ਘਰਾਂ ਨੂੰ ਚਲੇ ਗਏ, ਪਰ ਜਿਹੜੇ ਹਾਲੇ ਨਿਰਾਸ਼ ਨਹੀਂ ਸਨ ਹੋਏ, ਉਨ੍ਹਾਂ ਨੇ ਕਿਹਾ ਸਾਨੂੰ ਵੀ ਨੌਕਰੀ ਦਿਓ।

ਅਸੀਂ ਵੀ ਮਾਵਾਂ ਦੇ ਪੁੱਤਰ ਹਾਂ।' 'ਸਾਡੀਆਂ ਮਾਵਾਂ ਵੀ ਆਸ ਲਈ ਬੈਠੀਆਂ ਨੇ...' ਮਨਿਸਟਰ ਨੇ ਉਨ੍ਹਾਂ ਸਾਰੇ ਹੀ ਮੁਰਝਾਏ ਹੋਏ ਚਿਹਰਿਆਂ ਨੂੰ ਸਰਸਰੀ ਨਜ਼ਰ ਨਾਲ ਘੂਰ ਕੇ ਇਕ ਤਰ੍ਹਾਂ ਨਾਲ ਪੁੱਛਿਆ ਸੀ-' ਪਰ ਤੁਹਾਡੀਆਂ ਮਾਵਾਂ ਕਿਥੇ ਨੇ ? ਉਹ ਘਰਾਂ 'ਚ ਨੇ....'

'ਫੇਰ ਤੁਸੀ ਵੀ ਘਰਾਂ ਨੂੰ ਜਾਓ...'

'ਪਰ ਨੌਕਰੀ ?

ਦਿਆਂਗੇ...ਅਗਲੇ ਦਸ ਸਾਲਾ ਪਲਾਨ 'ਚ ਸਭ ਨੂੰ ਨੌਕਰੀ ਦਿਆਂਗੇ। ਮਨਿਸਟਰ ਨੇ ਮੁਸਕਰਾ ਕੇ ਕਿਹਾ ਅਤੇ ਨਾਲ ਹੀ ਉਨ੍ਹਾਂ ਬੇਕਾਰ ਗੱਭਰੂਆਂ ਨੂੰ ਵਧੀਆ ਖੁਰਾਕ ਖਾ ਚੰਗੀ ਸਿਹਤ ਬਣਾਉਣ ਲਈ ਹਿਦਾਇਤ ਕੀਤੀ। 'ਚੰਗੀ ਸਿਹਤ ਤੋਂ ਬਗੈਰ ਕੁਰਸੀ ਨਹੀਂ ਸੰਭਾਲੀ ਜਾ ਸਕਦੀ'।

## ਮਿੰਨੀ ਕਹਾਣੀ

### ਖੁੱਲ੍ਹੀਆਂ ਅੱਖਾਂ ਵਾਲੇ

ਉਸ ਨੇ ਆਪਣੇ-ਆਪ 'ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਲਈ, ਮੌਕਾ ਸੰਭਾਲਣ ਵਾਲਿਆਂ ਨੇ ਮੌਕਾ ਸੰਭਾਲ ਲਿਆ, ਉਸ ਨੂੰ ਚੁੱਕ ਕੇ ਹਸਪਤਾਲ ਅੱਪੜਦੀ ਕਰ ਦਿੱਤਾ। ਉਸ ਦਾ ਬਿਆਨ ਸੁਣਨ ਵਾਲੇ ਪ੍ਰੈਸ ਰਿਪੋਰਟਰ ਅਤੇ ਪੁਲਿਸ ਕਰਮਚਾਰੀ ਮੌਜੂਦ ਸਨ। ਉਹ ਮਰਨ ਕਿਨਾਰੇ ਪਈ ਏ, ਪਰ ਘਰ ਦੇ ਕਿਸੇ ਮੈਂਬਰ ਦਾ ਨਾਂਅ ਨਹੀਂ ਲੈ ਰਹੀ। ਅਜੀਬ ਗੱਲ ਏ।

ਗੱਡੀ ਲੀਹ ਉੱਤੇ ਨਾ ਚੜ੍ਹਦੀ ਵੇਖ ਥਾਣੇਦਾਰ ਨੇ ਪੈਂਤੜਾ ਬਦਲਿਆ, "ਜੇ ਕਿਸੇ 'ਤੇ ਇਤਰਾਜ਼ ਨਹੀਂ ਬੀਬੀ.. ਤਾਂ ਅੱਗ ਲੱਗਣ ਦਾ ਕਾਰਨ ਤਾਂ ਦੱਸ... ? ਅੱਗ ਲੱਗਣ ਦਾ ਕਾਰਨ ਚੇਤੇ ਆਇਆ, ਤਾਂ ਉਹ ਬੋਲੀ, "ਗੱਲ ਤਾਂ ਸਾਰੀ ਡਿਪੂ ਤੋਂ ਤੇਲ ਘੱਟ ਮਿਲਣ ਦੀ ਏ, ..ਗੈਸ ਸਲੰਡਰ ਹਫਤੇ ਦਾ ਮੁੱਕਿਆ ਪਿਐ...' ਬਲੈਕ 'ਚ ਵੀ ਨਹੀਂ ਮਿਲਦਾ, ...ਮੈਂ ਤੇਲ ਲੈਣ ਗਈ ਸੀ, ਸਰਕਾਰੀ ਰਾਸ਼ਨ ਤਾਂ ਸਭ ਨੂੰ ਬਰਾਬਰ ਮਿਲਣਾ ਚਾਹੀਦੈ.. ਪਰ ਮੈਨੂੰ ਮਿੰਨਤਾਂ ਤਰਲੇ ਕਰਕੇ ਵੀ ਮਸਾਂ ਦੋ ਲੀਟਰ ਤੇਲ ਦਿੱਤਾ.. ਕਹਿੰਦੇ ਹੋਰ ਹੈ ਨਹੀਂ..ਕਿਤੇ ਫਿਰ ਵੇਲੇ-ਕੁਵੇਲੇ ਲੈ ਜਾਈਂ ਘਰ ਆਈ ਤਾਂ ਬੁੜ੍ਹੀ ਅੱਡ ਚਿੰਬੜ 'ਗੀ। ਆਂਹਦੀ ਜਿਥੇ ਜਾਨੀ ਏਂ,...ਪੈਰ ਅੜਾ ਕੇ ਖੜ ਜਾਨੀ ਏਂ,.. ਪਹਿਲਾਂ ਤੁਰਨ ਲੱਗੀ ਦੇ ਲੀੜੇ ਈ ਲੋਟ ਨਹੀਂ ਆਉਂਦੇ, ਇੰਨੇ ਕੁ ਤੇਲ ਖਾਤਰ ਦੁਪਹਿਰਾ ਢਾਲ ਆਈ, ਇਸ ਦੇ ਨਾਲ ਕਿੰਨੇ ਕੁ ਦਿਨ ਸਟੋਵ ਚੱਲੂਗਾ.. ਉਸ ਹਰਾਮੀ ਦੇ ਸਿਰ 'ਚ ਪਾ ਕੇ ਲਾਬੂੰ ਲਾ ਛੱਡਦੀ.. ਨਹੀਂ ਲੈਣ ਲਈ ਰੁਕੀ।

ਚੁੱਪ ਕੀਤੀਆਂ ਕਲਮਾਂ ਹਰਕਤ ਵਿਚ ਆਈਆਂ। ਸੜ ਜਾਣ ਵਾਲੀ ਦਾ ਬਿਆਨ ਨੋਟ ਹੋਣ ਲੱਗਾ। ਥਾਣੇਦਾਰ ਦੀਆਂ ਅੱਖਾਂ ਵਿਚ ਚਮਕ ਵਧ ਗਈ, ਉਸ ਨੇ ਗੱਲ ਨੂੰ ਅਗਾਂਹ ਤੋਰਿਆ, "ਫਿਰ ਕੀ ਹੋਇਆ,.. ? "

"ਫਿਰ ਕੀ ਆਖ ਕੇ ਉਸ ਨੇ ਥਾਣੇਦਾਰ ਵੱਲ ਹੋਰ ਈ ਤਰ੍ਹਾਂ ਵੇਖਿਆ.. ਤੇ ਅੰਦਰ ਥੁੱਕ ਨਿਗਲਦੀ ਬੋਲੀ, "ਫਿਰ ਕੀ ਹੋਣਾ ਸੀ, ਆਹ ਥੋਡੇ ਸਾਹਮਣੇ ਪਈਆਂ,.. ਜੇ ਡਿਪੂ ਤੋਂ ਤੇਲ ਪੂਰਾ ਮਿਲਿਆ ਹੁੰਦਾ ਤਾਂ ਮੈਂ ਵੀ ਪੂਰੀ ਦੀ ਪੂਰੀ ਸੜ ਜਾਂਦੀ।" ਇੰਨੀ ਕੁ ਗੱਲ ਕਰਦਿਆਂ ਉਸ ਦੀਆਂ ਅੱਖਾਂ ਭਰ ਆਈਆਂ। ਉਸ ਨੇ ਮੂੰਹ ਘੁੰਮਾ ਕੇ ਅੱਖਾਂ ਬੰਦ ਕਰ ਲਈਆਂ, ਜਿਵੇਂ ਹੋਰ ਬੋਲਣ ਦੀ ਲੋੜ ਨਾ ਹੋਵੇ।

ਪਰ ਉਥੇ ਹਾਜ਼ਰ 'ਖੁੱਲ੍ਹੀਆਂ ਅੱਖਾਂ" ਵਾਲਿਆਂ ਨੇ..ਉਸ ਦੀ ਗੱਲ ਨੂੰ ਆਪਣੀ ਸਮਝ ਅਨੁਸਾਰ ਆਪਣੇ-ਆਪ ਹੀ ਪੂਰੀ ਕਰ ਲਿਆ। "ਡਿਪੂ ਹੋਲਡਰ ਵਲੋਂ ਮੁਹੱਲੇ ਦੀ ਇਕ ਸ਼ਰੀਫ ਔਰਤ ਨਾਲ ਬਦ-ਸਲੂਕੀ... ਅਤੇ ਔਰਤ ਅੱਗ ਲਾ ਕੇ ਸੜਣ ਲਈ ਮਜਬੂਰ..।



## ਵਿਅੰਗ

# ਸੁੱਤੇ ਰਹੋ ਇੰਡੀਆ ਸੁੱਤੇ ਰਹੋ

ਪਿਛਲੇ ਕਾਫੀ ਸਮੇਂ ਤੋਂ ਇਹ ਨਾਅਰਾ ਲੱਗ ਰਿਹਾ ਹੈ, "ਜਾਗੋ ਇੰਡੀਆ ਜਾਗੋ।" ਕਦੇ ਦਿੱਲੀ ਚੋਂ ਆਵਾਜ਼ ਉਠਦੀ ਹੈ, "ਜਾਗੋ ਦਿਲ ਜਾਗੋ ਤੇ ਕਦੇ ਮੁੰਬਈ ਜਾਗੋ।" ਜਦ ਤਕੜੀਆਂ ਨੂੰ ਠੂੰਗੇ ਮਾਰ ਕੇ ਅੱਧਾ ਕਿਲੋ ਦਾ ਕਿਲੋ ਬਣਾਇਆ ਜਾਂਦਾ ਹੈ, ਫਰੂਟਾਂ ਦਾ ਅਸਲੀ ਲਿਫਾਫਾ ਪਲਕ ਝੱਲਕ 'ਚ ਵਟਾ ਕੇ ਦਰਜਨ ਦੀ ਥਾਂ ਦਸ ਕੇਲੇ ਤੇ ਉਨ੍ਹਾਂ 'ਚ ਵੀ ਇਕ ਦੋ ਅ-ਕੇਲੇ ਗਾਹਕ ਦੇ ਪੱਲੇ ਫੜਾ ਦਿੱਤੇ ਜਾਂਦੇ ਹਨ ਅਤੇ ਪਾਸਕੂ ਕਿਥੇ ਹੈ, ਇਹ ਤਕੜੀਆਂ ਨੂੰ ਨਹੀਂ ਪਤਾ ਹੁੰਦਾ ਤਾਂ ਸਾਡੀਆਂ ਸੁੱਤੀਆਂ ਅੱਖਾਂ 'ਤੇ ਇਨ੍ਹਾਂ ਪਿਆਰੇ-ਪਿਆਰੇ ਸ਼ਬਦਾਂ ਦੇ ਛੱਟੇ ਮਾਰੇ ਜਾਂਦੇ ਹਨ, "ਜਾਗੋ ਗਾਹਕ ਜਾਗੋ।"

ਚੋਣਾਂ ਸਮੇਂ ਲੀਡਰ ਤੇ ਪਰਹੇਜ਼ ਗਾਹ ਜਦੋਂ ਭੁੱਕੀਆਂ ਅਫੀਮਾਂ, ਸ਼ਰਾਬਾਂ ਤੇ ਨੋਟਾਂ ਦੀ ਬਾਰਸ਼ ਕਰਦੇ ਹਨ ਤੇ ਨਾਲ ਹੀ ਨੇਤਾ ਨੀਂਦ ਹਰਾਮ ਸਿੰਘ ਦਰ-ਦਰ ਕੁੰਡਾ ਖੜਕਾਉਂਦਾ ਹੈ ਤਾਂ ਆਖਦਾ ਜਾਪਦਾ ਹੈ, "ਜਾਗੋ ਵੋਟਰ ਜਾਗੋ" ਜੋ ਵੋਟ ਸਿੰਘ ਚੋਣ ਨਿਸ਼ਾਨ ਉਲਟੇ ਝਾੜੂ ਨੂੰ ਪਾਉਣਾ ਹੈ ਤਾਂ ਚੋਣਾਂ ਤੋਂ ਬਾਅਦ ਲਗਾਤਾਰ ਲੀਡਰ ਬਣਾਉਣ ਵਾਲੇ ਨਾਅਰੇ ਲਾਉਂਦੇ ਹਨ "ਜਾਗੋ ਨੇਤਾ ਜਾਗੋ।"

ਅਨੇਕਾਂ ਪ੍ਰਕਾਰ ਦੀਆਂ ਜਾਗੋ ਸਾਨੂੰ ਜਗਾ ਰਹੀਆਂ ਹਨ ਪਰ ਇੰਡੀਆ ਵੀ ਅਜੇ ਤੱਕ ਨਹੀਂ ਜਾਗਿਆ। ਉਨਾਹਟ ਆਜ਼ਾਦੀਆਂ ਬੀਤ ਗਈਆਂ ਪਰ ਅਸੀਂ ਸੁੱਤੇ ਰਹਿਣ ਦੀ ਗੁਲਾਮੀ ਨਹੀਂ ਛੱਡੀ। ਦਿੱਲੀ ਸੁੱਤੀ ਹੋਈ ਹੈ।

ਨਾ-ਮਨਜ਼ੂਰਸ਼ੁਦਾ ਕਾਲੋਨੀਆਂ ਖੁੰਭਾਂ ਵਾਂਗ ਸਿਰ ਚੁੱਕ ਗਈਆਂ। ਇਸ ਦਾ ਪਤਾ ਨਹੀਂ ਅਸੈਂਬਲੀ ਜਾਂ ਮੁੱਖ ਮੰਤਰੀ ਤੇ ਉਸਦੇ ਮੰਤਰੀ ਮੰਡਲ ਨੂੰ ਕਿਉਂ ਨਹੀਂ ਲੱਗਾ। ਮੁੰਬਈ ਘੂਕ ਸੁੱਤੀ ਪਈ ਹੈ। ਚੱਲਦੀਆਂ ਗੱਡੀਆਂ ਦੇ ਨਾਲ-ਨਾਲ ਬੰਬ ਵੀ ਚੱਲਦੇ ਹਨ ਅਤੇ ਗੱਡੀਆਂ 'ਚ ਚੱਲਣ ਵਾਲੇ ਮੁਸਾਫਰ ਜਾਣਦੇ ਹੀ ਨਹੀਂ ਕਿ ਪਲਕ ਝਲਕ 'ਚ ਸੈਂਕੜੇ ਕਿਵੇਂ ਚਲਾਣਾ ਕਰ ਗਏ। ਸੁੱਤੇ ਲੀਡਰ ਸਮੇਂ ਦੇ ਇਸ ਸਵਾਲ ਦਾ ਕਦੇ ਵੀ ਜਵਾਬ ਨਹੀਂ ਦਿੰਦੇ-

ਐ ਰਹਿਬਰੋ ਮੁਲਕੋ ਕੌਮ ਬਤਾ।
ਯੇਹ ਕਿਸ ਕਾ ਲਹੂ ਹੈ ਕੌਨ ਮਰਾ ?

ਰਹੀ ਗਲ ਗਾਹਕ ਦੀ। ਉਹ ਵਿਚਾਰਾ ? ਅੱਜ ਤੱਕ ਗਾਰੰਟੀ-ਵਾਰੰਟੀ ਦਾ ਫਰਕ ਹੀ ਨਹੀਂ ਜਾਣ ਸਕਿਆ। 'ਵੈਨ ਪੈਕਡ' ਦੇ ਭੰਬਲ ਭੂਸੇ 'ਚ ਅਸਲ ਵਜ਼ਨ ਨੂੰ ਪੁਣਨ ਛਾਨਣ ਜਾਂ ਜਾਨਣ ਦੀ ਸ਼ਕਤੀ ਗੁਆ ਚੁੱਕਾ ਹੈ। ਵਰਕਰ-ਵਰਕਰ ਦੀ ਜਨ ਜਨਮ ਮਾਣ ਰਿਹਾ ਹੈ ਤੇ ਨੇਤਾ ਤੋਂ ਬਾਅਦ ਉਹਦਾ ਪੁਤ ਦੇ ਫਿਰ ਉਹਦਾ ਪੁਤ। ਪੁਤਾਵਲੀ ਮੁਕਦੀ ਹੀ ਨਹੀਂ। ਸਾਰਾ ਪਿੰਡ ਮਰ ਜਾਣ ਤੋਂ ਬਾਅਦ ਵੀ ਜੇ ਬੁੱਢੀ ਦੇ ਪੁੱਤਰ ਨੇ ਨੰਬਰਦਾਰ ਨਹੀਂ ਬਣਨਾ ਤਾਂ ਫਿਰ ਇਸ ਦੋਹੇ ਨੂੰ ਸਿਰਹਾਣਾ ਬਣਾ ਕੇ ਸੁੱਤੇ ਰਹਿਣ 'ਚ ਕੀ ਹਰਜ਼ ਹੈ-

ਰਾਮ ਭਰੋਸੇ ਬੈਠ ਕੇ,
ਰਹੋ ਖਾਟ ਪੈ ਸੋਏ।
ਅਨਹੋਣੀ ਹੋਣੀ ਨਹੀਂ,
ਹੋਣਾ ਹੈ ਸੋ ਹੋਏ।



"ਜਦ ਹੋਣੀ ਹਾਰ ਮਿਟਾਵੇ ਕੌਣ ?" ਹੀ ਸਾਡਾ ਜੀਵਨ ਆਧਾਰ ਹੈ। ਅਖ਼ਬਾਰਾਂ ਵਿਚ ਸਾਡੇ ਲਈ ਸਭ ਤੋਂ ਵੱਡੀ ਖ਼ਬਰ ਹੈ ਰਾਸ਼ੀਫਲ ਤਾਂ ਫਿਰ ਹਸਤ ਰੇਖਾਵਾਂ ਦੇ ਜੰਗਲਾਂ 'ਚ ਕਰਮਾਂ ਦੇ ਸੰਗਲਾਂ ਵਿਚ ਜਕੜੇ ਹੋਏ ਹੱਥਾਂ-ਪੈਰਾਂ, ਅੱਖਾਂ, ਕੰਨਾਂ ਤੇ ਦਿਮਾਗਾਂ ਦੀਆਂ ਸੋਚਾਂ 'ਚ ਉਚੇ ਘਰ ਦੇ ਮਾਲਕ ਬਣੇ ਬਾਬੇ ਛੈਣਿਆਂ ਖੜਤਾਲਾਂ ਚਿਮਟਿਆਂ ਢੋਲਕੀਆਂ ਦੇ ਸ਼ੋਰ ਵਿਚ ਸਾਨੂੰ ਅਕਲ ਲਤੀਫੀ ਦੀ ਸ਼ੇਅਰਬਾਜ਼ੀ ਕਦੇ ਵੀ ਸੁਣਨ ਦੇਣਗੇ-

ਹਸਤ ਰੇਖਾਵਾਂ ਦੀ ਚਿੰਤਾਂ ਨਾ ਕਰੋ,
ਹੱਥ ਸਿਰਜਨ ਹਾਰ ਨੇ ਤਕਦੀਰ ਦੇ।

ਜਦੋਂ ਤਕਦੀਰ ਦੇ ਤਦਬੀਰ ਇਕ-ਦੂਜੇ ਦੀਆਂ ਦੁਸ਼ਮਣ ਹੋ ਜਾਣ ਉਦੋਂ ਦੋਨੋਂ ਇਕ-ਦੂਜੇ ਨੂੰ ਥਾਪੜ-ਥਾਪੜ ਕੇ ਸੁਲਾਉਂਦੀਆਂ ਹਨ। ਸ਼ਾਇਦ ਏਸੇ ਲੋਰੀਆਂ ਤੇ ਲਾਰਿਆਂ ਭਰਪੂਰ ਥਪੜੇਵੇਂ ਨੇ ਸਾਨੂੰ ਸੈਂਕੜੇ ਸਾਲ ਸੁਲਾਈ ਰੱਖਿਆ।

ਗਜ਼ਨੀ ਗੌਰੀ ਸਾਡੀਆਂ ਛਾਤੀਆਂ 'ਤੇ ਮੂੰਗ ਦਲਦੇ ਰਹੇ ਪਰ ਅਸੀਂ ਜੈਚੰਦ ਮਗਰ ਤੁਰ ਪਏ ਪ੍ਰਿਥਵੀ ਰਾਜ ਨਾ ਪਛਾਣੇ। ਅਸੀਂ ਦਾਸਾਂ ਦੇ ਦਾਸ ਬਣੇ, ਖਿਲਜੀਆਂ ਨਾਲ ਖਲੋਏ, ਤੁਗਲਕਾਂ ਨਾਲ ਤੁਅਲਕ ਬਣਾਏ, ਲੋਧੀਆਂ, ਮੁਗਲਾਂ ਦੇ ਪੈਰਾਂ ਹੇਠ ਦਰੜ ਹੋਣਾ ਪਰਵਾਨ ਕਰ ਲਿਆ ਪਰ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ, ਸ਼ਿਵਾ ਜੀ ਮਰਹਟਾ। ਰਾਣਾ ਪ੍ਰਤਾਪ ਸਭ ਨੂੰ ਟਿਚ ਜਾਣਿਆ। ਭਾਈ ਲਾਲੋ ਸਾਡੇ ਪਾਸ ਹੀ ਮਿਹਨਤਾਂ ਦੀ ਰੁਖੀ-ਸੁਖੀ ਖਾਂਦਾ ਰਿਹਾ ਪਰ ਅਸੀਂ ਮਲਕ ਭਾਗੋ ਦੇ ਬ੍ਰਹਮ ਭੋਜਾਂ ਵਿਚ ਪਕਦਾ ਖੂਨ ਛਕਦੇ ਰਹੇ। ਮੀਰਾ ਬਾਈ ਦੇ ਭਜਨ ਸਾਡੀ ਨੀਂਦ ਨਾ ਗੁਆ ਸਕੇ। ਬੱਚੇ ਨੀਂਹਾਂ ਵਿਚ ਚਿਣੇ ਗਏ, ਅਸੀਂ ਸੁੱਤੇ ਰਹੇ।

ਨਾ ਅਸੀਂ ਕਦੇ ਹਾਅ ਦਾ ਨਾਅਰਾ ਮਾਰਿਆ ਤੇ ਨਾ ਹੀ ਕਦੇ ਅਸੀਂ ਹਾਅ ਦਾ ਨਾਅਰੇ ਕਬੂਲਿਆ। ਸੱਤ ਸਮੁੰਦਰੋਂ ਪਾਰ ਅੰਗਰੇਜ਼ ਵਪਾਰ ਕਰਨ ਆਇਆ। ਅਸੀਂ ਜਾਣਿਆ ਹੀ ਨਾ ਕਿ ਅੰਗਰੇਜ਼ ਦਾ ਸੁਪਨਾ ਵਪਾਰ ਨਹੀਂ ਸਰਕਾਰ ਹੈ। ਅਸੀਂ ਟੋਟੇ-ਟੋਟੇ ਸੁੱਤੇ ਰਹੇ। ਮੀਰ ਜਾਫਰਾਂ ਨੇ ਸਾਨੂੰ ਅੰਗਰੇਜ਼ਾਂ ਦੀ ਝੋਲੀ ਪਾ ਦਿੱਤਾ।

ਸਾਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਪਹਾੜਾ ਸਿੰਘ, ਲਾਲ ਸਿੰਘ, ਤੇਜਾ ਸਿੰਘ ਸਾਨੂੰ ਮੰਜੇ ਬਿਸਤਰੇ ਰਜਾਈ ਸਮੇਤ ਅੰਗਰੇਜ਼ ਕੋਲ ਵੇਚ ਗਏ। ਸ਼ਾਹ ਮੁਹੰਮਦ ਗਿਲਾ ਕਰਦਾ ਰਹਿ ਗਿਆ ਪਰ ਫੌਜਾਂ ਜਿੱਤ ਕੇ ਅੰਤ ਨੂੰ ਕਿਉਂ ਹਾਰੀਆਂ ਬਾਰੇ ਸਾਨੂੰ ਪਤਾ ਹੀ ਨਹੀਂ ਲੱਗਾ। ਸ਼ਾਇਦ ਕੋਈ ਜਾਗਦਾ ਜਾਣ ਰਾਏ, ਸੋ ਸ਼ਾਹ ਮੁਹੰਮਦ ਦਾ ਗਿਲਾ ਹਾਜ਼ਰ ਹੈ-

ਅੱਜ ਹੋਵੇ ਸਰਕਾਰ ਤਾਂ ਮੁਲ ਪਾਏ
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ,
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।
ਫੌਜਾਂ ਜਦੋਂ ਜਿੱਤ ਕੇ ਸੋ ਜਾਣ ਤਾਂ ਫਿਰ ਹਾਰਦੀਆਂ ਨੇ।

ਖਰਗੋਸ਼ ਦੀ ਆਗੋਸ਼ ਹੈ ਜਦੋਂ ਨੀਂਦਰ ਆ ਜਾਏ ਤਾਂ ਸਮਾਂ ਕੱਛੂ ਕੁੰਮਿਆਂ ਨੂੰ ਜਿਤਾਉਂਦਾ ਹੈ। ਪੰਜਾਬ ਦੀ ਨੀਂਦ ਹਮੇਸ਼ਾ ਪੰਜਾਬ ਵੰਡਦੀ ਹੈ ਤੇ ਹਰਾਉਂਦੀ ਹੈ। ਨਿਰਾ ਪੰਜਾਬ ਹੀ ਨਹੀਂ ਪੂਰਾ ਭਾਰਤ ਜਦ ਵੀ ਸੌਂਦਾ ਹੈ, ਉਦੋਂ ਹੀ ਗੁਲਾਮੀ ਨੂੰ ਸੱਦਾ ਦਿੰਦਾ ਹੈ।

ਅੰਗਰੇਜ਼ਾਂ ਵਿਰੁੱਧ ਵੀ ਲਾਜਪਤ ਜੀ ਜਾਗੋ ਅਤੇ ਸੀਨੇ 'ਤੇ ਲਾਠੀਆਂ ਖਾਧੀਆਂ, ਚੰਦਰ ਸ਼ੇਖਰ ਆਜ਼ਾਦਾ ਜਾਗੋ ਤਾਂ ਅੰਗਰੇਜ਼ਾਂ ਨੂੰ ਭਾਜੜਾਂ ਪਾਈਆਂ। ਜੇ ਅਜੀਤ ਸਿੰਘ ਜਾਗਿਆ ਤਾਂ ਕਿਸਾਨ ਜਾਗਿਆ ਤੇ ਇਸ ਗੀਤ ਸਦਕਾ ਹਿੰਦੋਸਤਾਨ ਜਾਗਿਆ-

ਪਗੜੀ ਸੰਭਾਲ ਜੱਟਾਂ
ਪਗੜੀ ਸੰਭਾਲ ਓਏ,
ਲੁਟ ਲਿਆ ਮਾਲ ਤੇਰਾ
ਲੁੱਟ ਲਿਆ ਮਾਲ ਓਏ।

ਚਾਚੇ ਅਜੀਤ ਨੇ ਕਿਸਾਨ ਜਗਾਇਆ। ਭਤੀਜੇ ਭਗਤ ਸਿੰਘ ਨੇ ਜਵਾਨ ਜਗਾਇਆ। ਭਾਰਤ ਦੀ ਅਸੈਂਬਲੀ ਵਿਚ ਬੰਬ ਸੁੱਟ ਕੇ ਲੰਡਨ ਤੀਕ ਗੋਰੀ ਹਕੂਮਤ ਨੂੰ ਜਗਾਇਆ। ਸੁੱਤਾ ਮੁਲਕ ਸੁਣ ਕੇ ਜਾਗ ਪਿਆ-

ਸਰਫਰੋਸ਼ੀ ਕੀ ਤਮੰਨਾ,
ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ
ਬਾਜ਼ੂਏ ਕਾਤਲ ਮੇਂ ਹੈ।

ਫਾਂਸੀ ਦੇ ਰੱਸੇ ਚੁੰਮ ਕੇ, 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਗਾਇਆ ਗਿਆ। ਸੁਭਾਸ਼ ਜੀ ਨੇ ਕੌਮੀ ਨਾਅਰਾ 'ਜੈ ਹਿੰਦ' ਦਾ ਨਾਅਰਾ ਗੁੰਜਾਇਆ। ਨਹਿਰੂ ਜੀ ਨੇ ਪੂਰਨ ਸਵੈ ਰਾਜ ਦੀ ਉਮੰਗ ਜਗਾਈ। ਗਾਂਧੀ ਜੀ ਨੇ ਗਰਮ ਲੋਹੇ 'ਤੇ ਟਿਕਾਣੇ ਸੱਟ ਮਾਰਦਿਆਂ ਕਿਹਾ, "ਅੰਗਰੇਜ਼ੋ ਭਾਰਤ ਛੱਡ ਦਿਓ" ਲਾਲ ਕਿਲੇ ਤੋਂ ਤਿਰੰਗਾ ਲਹਿਰਾਇਆ ਤੇ ਲੋਕਾਂ ਨੂੰ ਆਜ਼ਾਦ ਹਿੰਦ ਫੌਜ ਦਾ ਗੀਤ ਯਾਦ ਆਇਆ:-

ਦੂਰ ਹਟੋ ਐ ਦੁਨੀਆ ਵਾਲੇ
ਹਿੰਦੁਸਤਾਨ ਹਮਾਰਾ ਹੈ।
ਆਜ ਹਿਮਾਲਾ ਕੀ ਚੋਟੀ ਸੇ ਤਰੰਗਾ
ਯੋਹ ਲਲਕਾਰਾ ਹੈ।

ਅੰਗਰੇਜ਼ ਭਾਰਤ ਛੱਡ ਗਏ। ਭਾਰਤ ਆਜ਼ਾਦ ਹੋ ਗਿਆ ਪਰ ਅੱਜ ਜਦ ਮੈਂ ਇਹ ਲੇਖ ਰਿਹਾ ਹਾਂ ਤਾਂ ਮੇਰਾ ਮਾਸੂਮ ਦੋਹਤਾ ਮੈਥੋਂ ਭਗਤ ਸਿੰਘ ਦੀ ਵਾਰ ਗਾਥਾ ਸੁਣਦਾ ਹੈ। ਉਸਨੇ ਭਗਤ ਸਿੰਘ ਦੀ ਫੈਂਸੀ ਡਰੈੱਸ ਪਾ ਕੇ ਸਕੂਲ ਜਾਣਾ ਹੈ। ਜਦ ਮੈਂ ਉਸਨੂੰ ਸਕੂਲ ਕਲਾਸ ਵਿਚ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਉਣ ਲਈ ਕਹਿੰਦਾ ਹਾਂ ਤਾਂ ਉਹ ਇੰਗਲਿਸ਼ ਵਿਚ ਆਖਦਾ ਹੈ, "Nana ji nobody cares for freedom in the school". ਮੈਂ ਝੰਜੋੜਿਆ ਗਿਆ, ਵਲੂੰਧਰਿਆ ਗਿਆ, ਕੰਬ ਉਠਿਆ। ਸਾਡੀ ਸਿੱਖਿਆ ਪ੍ਰਣਾਲੀ ਭਗਤ

## ਵਿਅੰਗ

ਸਿੰਘ ਦੀ ਫਿਲਾਸਫੀ ਤੋਂ ਬੱਚਿਆਂ ਨੂੰ ਕੋਰਾ ਰੱਖ ਰਹੀ ਹੈ।

ਸਿਰਫ ਥਾਣੇ ਦੇ ਭਗਤ ਸਿੰਘ ਪੈਦਾ ਕਰ ਰਹੀ ਹੈ। ਅਸਲ ਭਾਰਤ ਜਾਗ ਨਾ ਜਾਏ ਇਸ ਦਾ ਪੂਰਾ ਯਤਨ ਹੈ। ਭਗਤ ਸਿੰਘ ਤੇ ਗਾਂਧੀ ਦੀ ਮੰਜ਼ਿਲ ਉਂਘਲਾ ਰਹੀ ਹੈ। ਭਾਂਤ-ਭਾਂਤ ਦੇ ਨਸ਼ਿਆਂ ਦੇ ਅਸਰ ਹੇਠ ਗੁੰਮ ਹਨ ਤੇ ਕਦਮ ਲੜਖੜਾ ਰਹੇ ਹਨ। ਭਗਤ ਸਿੰਘ ਤੇ ਗਾਂਧੀ ਦਾ ਫਾਸਲਾ ਐਨਾ ਵਧਾਇਆ ਹੈ ਕਿ ਦੋਵਾਂ ਦੀ ਗੱਲਵੱਕੜੀ ਨਾ ਪੈ ਸਕੇ। ਦੋਨਾਂ ਵਿਚਕਾਰ ਅਤਿਵਾਦ, ਕੁਪੱਤਵਾਦ, ਫਿਰਕੂਵਾਦ ਤੇ ਬੇਅਰਥਾ ਵਾਦ-ਵਿਵਾਦ ਕੁਝ ਐਸੀ ਸ਼ਕਲ ਧਾਰਨ ਕਰ ਗਿਆ ਹੈ ਕਿ ਸਾਨੂੰ ਪਤਾ ਨਹੀਂ ਲੱਗ ਰਿਹਾ ਹੈ ਭਗਤ ਸਿੰਘ ਤੇ ਗਾਂਧੀ ਨੂੰ ਪਲ-ਪਲ ਕੌਣ ਮਾਰ ਰਿਹਾ ਹੈ।

ਭਗਤ ਸਿੰਘ ਜਾਂ ਗਾਂਧੀ ਦਾ ਰਿਸ਼ਤਾ ਜਦ ਤੋਂ ਵਿਗੜਿਆ ਹੈ ਤਦ ਤੋਂ ਅਸੀਂ ਦਿਨ-ਬ-ਦਿਨ ਸੌਂ ਰਹੇ ਹਾਂ। ਸਾਡੇ ਵਿਚੋਂ ਅਣਖ ਸੌਂ ਗਈ ਹੈ, ਸੰਘਰਸ਼ ਸੌਂ ਗਿਆ ਹੈ। ਅੰਗੜਾਈ ਸੌਂ ਗਈ ਹੈ ਨਾਅਰੇ ਸੌਂ ਗਏ ਹਨ, ਸੱਚੇ ਤੇ ਝੂਠੇ ਦੀ ਪਛਾਣ ਸੌਂ ਗਈ ਹੈ। ਛੇ ਰੁਪਏ ਦੀ ਚੀਜ਼ ਸੱਠ ਦੀ ਹੋ ਜਾਏ ਅਸੀਂ ਆਖਦੇ ਹਾਂ। ਸਾਨੂੰ ਕੀ ? ਕੋਈ ਸਾਡੀ ਇੱਜ਼ਤ ਦਿਨ-ਦਿਹਾੜੇ ਲੁਟ ਲਏ ਅਸੀਂ ਕਹਿੰਦੇ ਹਾਂ, "ਤੁਹਾਨੂੰ ਕੀ ?" ਪੁਲਸ ਚੋਰਾਂ ਵਾਂਗ ਸਾਡੀ ਜੇਬ ਫੋਲ ਜਾਏ ਤਾਂ ਅਸੀਂ ਤਸੱਲੀ ਪ੍ਰਗਟ ਕਰਦੇ ਹਾਂ ਇਹ ਕਹਿ ਕੇ ਕਿ, "ਫੇਰ ਕੀ ਹੋਇਆ ?" ਕਤਲ ਸਾਡੇ ਸਾਹਮਣੇ ਹੁੰਦਾ ਹੈ ਪਰ ਅਸੀਂ ਕਬੂਤਰ ਵਾਂਗ ਅੱਖਾਂ ਮੀਟ ਕੇ ਇਹ ਭਾਵਨਾ ਪਾਲਦੇ ਹਾਂ, "ਯਾਰ ਲਫੜੇ ਵਿਚ ਕੌਣ ਪਵੇ ?" ਚੋਣਾਂ ਸਮੇਂ ਅਸੀਂ ਸ਼ਰਾਬ, ਨੋਟ ਭੁੱਕੀ ਵੱਟੇ ਵਿਕਦੇ ਹਾਂ ਤਾਂ ਮਨੋ ਮਨੀ ਕਹਿੰਦੇ ਹਾਂ, "ਵਗਦੀ ਗੰਗਾ ਵਿਚ ਇਸ਼ਨਾਨ ਕਰ ਲਵੋ ਕੀ ਹਰਜ਼ ਹੈ ?" ਕੀ ਹਰਜ਼ ਹੈ ਨੇ ਭੁਲਾ ਦਿੱਤਾ ਹੈ "ਕੀ ਫਰਜ਼ ਹੈ ?" ਐਸਾ, ਇੰਡੀਆ ਕਦੇ ਜਾਗੇਗਾ ਨਹੀਂ। ਮਾਨਸਿਕ ਮਰੀਜ਼ ਦਾ ਸੁੱਤੇ ਰਹਿਣ ਵਿਚ ਭਲਾ ਹੈ। ਜਦ ਤੱਕ ਬਾਣ ਨਹੀਂ ਲੱਗਦੇ ਤੱਕ ਤਕ ਜੋਸ਼ ਨਹੀਂ ਜਾਗਦਾ, ਹੋਸ਼ ਨਹੀਂ ਜਾਗਦਾ। ਇਸ ਲਈ ਮਹਿੰਦੀ ਨੂੰ ਪੱਥਰ 'ਤੇ ਰਗੜ ਖਾਣ ਦਿਓ।

ਰੰਗ ਲਾਤੀ ਹੈ ਹਿਨਾ ਪੱਥਰ ਪੇ ਘਿਸ ਜਾਨੇ ਕੇ ਬਾਦ।
ਆਦਮੀ ਬਨਤਾ ਹੈ ਇਨਸਾਂ ਠਕਰੇਂ ਖਾਨੇ ਕੇ ਬਾਦ।

- ਜਗਜੀਤ ਸਿੰਘ ਕੋਮਲ

## ਗ਼ਜ਼ਲਾਂ

ਇਹ ਮੰਜ਼ਰ ਦੇਖ ਕੇ ਦਿਲ ਡਰ ਗਿਆ ਹੈ।
ਸਮੁੰਦਰ ਕਿਸ਼ਤੀਆਂ 'ਤੇ ਤਰ ਗਿਆ ਹੈ।
ਜਦੋਂ ਖੁੱਲ੍ਹੇ ਤਾਂ ਦਰ ਚੀਕੇ ਕਿਵੇਂ ਨੇ,
ਕੋਈ ਵਰ੍ਹਿਆਂ ਦੇ ਮਗਰੋਂ ਘਰ ਗਿਆ ਹੈ।
ਮੈਂ ਉਸ ਦੀ ਸੋਚ ਵਿਚ ਚੰਨ ਬਣ ਚੜ੍ਹਾਂਗਾ,
ਜੋ ਮੇਰੀ ਹੋਂਦ ਤੋਂ ਮੁੱਕਰ ਗਿਆ ਹੈ।
ਉਹ ਬੰਦਾ ਜ਼ੁਲਮ ਆਰੇ ਅਗਨੀਆਂ ਦਾ,
ਬਦਨ 'ਤੇ ਬਿਰਖ ਵਾਂਗੂੰ ਜਰ ਗਿਆ ਹੈ।
ਜੋ ਤੱਕਿਐ, ਕਾਸ਼! ਉਹ ਸੁਪਨਾ ਹੀ ਨਿਕਲੇ,
ਮੇਰੇ ਦਿਲ ਕੋਲ ਦੀ ਖੰਜਰ ਗਿਆ ਹੈ
ਸਨੋਅ ਦਾ ਖੂਬਸੂਰਤ ਜਿਸਮ ਤੱਕਿਐ,
ਦੁਪਹਿਰੇ ਸਿਖਰ ਸੂਰਤ ਠਰ ਗਿਆ ਹੈ।
ਸਮੁੰਦਰ ਹੱਸਿਐ ਸੂਲੀ 'ਤੇ ਚੜ੍ਹ ਕੇ,
ਤਾਂ ਚਿਹਰਾ ਔੜ ਦਾ ਉੱਤਰ ਗਿਆ ਹੈ।

ਮੇਰੇ ਰੱਥਾਂ ਨੂੰ ਦਸਤਕ ਦੀ ਯਾਦ ਦਿਵਾਉਂਦਾ ਹੈ।
ਮੇਰੇ ਸੁਪਨੇ 'ਚ ਅੱਜ਼ਕੱਲ੍ਹ ਇਕ ਬੂਹਾ ਆਉਂਦਾ ਹੈ।
ਕਿਸ਼ਤੀ, ਸੂਲੀ, ਵੰਝਲੀ, ਭਾਲਾ ਮੋਰ ਬਣਾਉਂਦਾ ਹੈ।
ਬਿਰਖਾਂ ਵਿਚ ਬੰਦਾ ਮਨ ਦੀ ਦਸ਼ਾ ਦਿਖਾਉਂਦਾ ਹੈ।
ਭੀੜ ਦੇ ਸਾਗਰ 'ਚ ਘਿਰਿਆਂ ਤਨਹਾ ਟਾਪੂ ਹਾ,
ਵਾਕਿਫ ਕਦਮਾਂ ਦੀ ਛੋਹ ਨੂੰ ਜੋ ਚਿੱਠੀਆਂ ਪਾਉਂਦਾ ਹੈ।
ਇਕਲਾਪੇ ਵਿਚ ਸੁੱਤਾ ਨ੍ਹੇਰਾ ਤਿੜਕਦਾ ਹੈ,
ਉਜੜੇ ਹੋਏ ਘਰ ਵਿਚ ਦੀਵਾ ਕੌਣ ਜਗਾਉਂਦਾ ਹੈ ?
ਉਸ ਦਾ ਸ਼ੁਗਲ ਕਿਸੇ ਦਿਨ ਆਹਲਣਿਆਂ ਨੂੰ ਸਾੜੇਗਾ,
ਜਿਹੜਾ ਆਤਿਸ਼ਬਾਜ਼ੀ ਬਿਰਖਾਂ ਕੋਲ ਚਲਾਉਂਦਾ ਹੈ।
ਮੁਲਬਾ ਅੱਖਰ, ਲਗਾਂ ਕੇ ਲਾਸ਼ਾਂ, ਲਿਪੀ ਬੰਬਾਰੀ,
ਗੁੰਮ-ਸੁੰਮ ਬੱਚਾ ਘਰ ਵੱਲ ਤੱਕਦਾ, ਵਾਕ ਬਣਾਉਂਦਾ ਹੈ
ਸ਼ੇਖੀ ਵਿਚ ਟਾਪੂ 'ਤੇ ਪਹਿਲਾਂ ਬੇੜੀ ਫੂਕ ਲਈ,
ਉੱਠਦਾ ਦੇਖ ਤੂਫਾਨ ਮੁਸਾਫਰ ਹੁਣ ਪਛਤਾਉਂਦਾ ਹੈ।

## ਆਸ

ਮਨੀ ਅਤੇ ਰਾਜੂ ਦੋਵੇਂ ਛੇਵੀਂ ਕਲਾਸ ਵਿੱਚ ਪੜ੍ਹਦੇ ਸਨ। ਮਨੀ ਨੂੰ ਸਾਇਕਲ 'ਤੇ ਸਕੂਲ ਜਾਂਦਿਆਂ ਵੇਖ ਰਾਜੂ ਨੇ ਵੀ ਕਈ ਵਾਰ ਆਪਣੇ ਬਾਪ ਕੋਲੋਂ ਸਾਈਕਲ ਦੀ ਮੰਗ ਕੀਤੀ। ਰਾਜੂ ਦਾ ਗਰੀਬ ਮਜ਼ਦੂਰ ਬਾਪ ਰਾਜੂ ਦੀ ਸਾਈਕਲ ਖਰੀਦਣ ਦੀ ਮੰਗ ਕਦੇ ਵੀ ਪੂਰੀ ਨਾ ਕਰ ਸਕਿਆ। ਇੱਕ ਦਿਨ ਕਲਾਸ ਇੰਚਾਰਜ ਅਧਿਆਪਕ ਨੇ ਸਾਰੇ ਵਿਦਿਆਰਥੀਆਂ ਨੂੰ ਰੈੱਡ ਕਰਾਸ ਦੀਆਂ ਪਰਚੀਆਂ ਫੜਾਉਂਦੇ ਹੋਏ ਆਖਿਆ, "ਕੱਲ੍ਹ ਨੂੰ ਸਾਰੇ ਜਣੇ ਵੀਹ-ਵੀਹ ਰੁਪਏ ਲੈ ਕੇ ਆਇਓ, ਰੈੱਡ ਕਰਾਸ ਵੱਲੋਂ ਤੁਹਾਡੀ ਲਾਟਰੀ ਪਾਈ ਗਈ ਹੈ। ਇਨਾਮ ਵਿੱਚ ਇਕ ਨਵਾਂ ਸਾਈਕਲ ਤੇ ਹੋਰ ਵੀ ਬਹੁਤ ਸਾਰੇ ਇਨਾਮ ਨਿਕਲਣੇ ਹਨ। ਮਨੀ ਅਤੇ ਰਾਜੂ ਨੇ ਪਰਚੀਆਂ ਫੜਾ ਕੇ ਪੈਸਿਆਂ ਦੀ ਮੰਗ ਕੀਤੀ। ਮਨੀ,ਜਿਸ ਦਾ ਬਾਪ ਪਟਵਾਰੀ ਸੀ, ਨੇ ਪੰਜਾਹ ਰੁਪਏ ਦਾ ਨੋਟ ਫੜਾਉਂਦੇ ਹੋਏ ਕਿਹਾ, " ਬਾਕੀ ਪੈਸੇ ਤੂੰ ਆਪਣੀ ਜੇਬ ਖਰਚੇ ਵਾਸਤੇ ਰੱਖ ਲਈਂ" ਰਾਜੂ ਦੇ ਮਜ਼ਦੂਰ ਬਾਪ ਨੇ ਸ਼ਾਮ ਨੂੰ ਕੰਮ ਤੋਂ ਵਾਪਸ ਆ ਕੇ ਆਪਣੇ ਮੈਲੇ ਅਤੇ ਫਟੇ ਹੋਏ ਕੁੜਤੇ ਦੀ ਜੇਬ ਵਿਚੋਂ ਦਸ ਰੁਪਏ ਦਾ ਨੋਟ ਰਾਜੂ ਨੂੰ ਫੜਾਉਂਦੇ ਹੋਏ ਕਿਹਾ, " ਰਾਜੂ ਵੀਹ ਰੁਪਏ ਕੰਮ ਦੇ ਮਿਲੇ ਸਨ, ਦਸ ਰੁਪਏ ਦਾ ਆਟਾ ਲੈ ਆਇਆ ਹਾਂ ਅਤੇ ਆਹ ਦਸ ਰੁਪਏ ਤੂੰ ਲੈ ਜਾ ਬਾਕੀ ਦਸ ਮੈਂ ਕੱਲ੍ਹ ਸ਼ਾਮ ਨੂੰ ਦਿਹਾੜੀ ਲਾ ਕੇ ਦੇ ਦੇਵਾਂਗਾ।" ਦਸ ਦਾ ਨੋਟ ਫੜਦੇ ਹੋਏ ਰਾਜੂ ਦੀਆਂ ਅੱਖਾਂ ਵਿੱਚ ਨਵਾਂ ਸਾਈਕਲ ਮਿਲਣ ਦੀ "ਆਸ" ਸਾਫ ਦੇਖੀ ਜਾ ਸਕਦੀ ਸੀ।

-ਡਾ. ਰਾਜਵੀਰ ਸਿੰਘ ਸੰਧੂ

# ਸਰਕਾਰੀ ਸਕੂਲਾਂ 'ਚ ਵੀ ਅਣਗੌਲੀ ਜਾ ਰਹੀ ਹੈ ਪੰਜਾਬੀ

## ਤੀਜੀ ਦੇ 30 ਫ਼ੀਸਦ ਪਾੜ੍ਹੇ ਮਾਤ ਭਾਸ਼ਾ 'ਚ ਸਧਾਰਨ ਪੈਰਾ ਪੜ੍ਹਨ ਤੋਂ ਅਸਮਰੱਥ

**ਚੰਡੀਗੜ੍ਹ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਤੀਜੀ ਜਮਾਤ ਦੇ ਕਰੀਬ 30 ਫੀਸਦ ਬੱਚੇ ਆਪਣੀ ਮਾਤ ਭਾਸ਼ਾ ਪੰਜਾਬੀ ਵਿੱਚ ਸਾਧਾਰਨ ਪੈਰਾ ਵੀ ਨਹੀਂ ਪੜ੍ਹ ਸਕੇ। ਇਹ ਖੁਲਾਸਾ ਦਿਹਾਤੀ ਭਾਰਤ ਵਿੱਚ ਸਿੱਖਿਆ ਦੀ ਸਥਿਤੀ ਸਬੰਧੀ ਸਾਲਾਨਾ ਰਿਪੋਰਟ (ਏਐੱਸਈਆਰ) 2024 ਵਿੱਚ ਹੋਇਆ ਹੈ। ਨਾ ਸਿਰਫ਼ ਸਰਕਾਰੀ ਬਲਕਿ ਸੂਬੇ ਵਿਚਲੇ ਪ੍ਰਾਈਵੇਟ ਸਕੂਲਾਂ ਦੇ 40 ਫੀਸਦ ਬੱਚੇ ਵੀ ਪੰਜਾਬੀ ਵਿੱਚ ਇਕ ਪੈਰ੍ਹਾ ਵੀ ਨਹੀਂ ਪੜ੍ਹ ਸਕੇ। ਪੜ੍ਹਨ ਦੀ ਸਮਰੱਥਾ ਅਤੇ ਗਣਿਤ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਮਾਪਦੰਡਾਂ 'ਤੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੇ ਨਿੱਜੀ ਸਕੂਲਾਂ ਨਾਲੋਂ ਵਧੀਆ ਕਾਰਗੁਜ਼ਾਰੀ ਦਿਖਾਈ ਹੈ।

ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ ਕਿ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਤੀਜੀ ਜਮਾਤ ਦੇ 15 ਫੀਸਦ ਤੋਂ ਵੱਧ ਬੱਚੇ ਗੁਰਮੁਖੀ ਲਿਪੀ ਵਿੱਚ ਸਿਰਫ਼ ਅੱਖਰ ਪੜ੍ਹ ਸਕਦੇ ਹਨ ਪਰ ਸ਼ਬਦ ਜਾਂ ਇਸ ਤੋਂ ਉੱਪਰ ਨਹੀਂ ਤੇ ਇਨ੍ਹਾਂ 'ਚੋਂ 4.6 ਫੀਸਦ ਵਿਦਿਆਰਥੀ ਤਾਂ ਪੰਜਾਬੀ ਦੇ ਅੱਖਰ ਵੀ ਨਹੀਂ ਪਛਾਣ ਸਕਦੇ ਹਨ। ਦਿਹਾਤੀ ਪੰਜਾਬ ਵਿੱਚ ਬੱਚਿਆਂ ਦੇ ਸਿੱਖਣ ਦੇ ਪੱਧਰ ਸਬੰਧੀ ਹੋਏ ਸਰਵੇਖਣ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਤੀਜੀ ਜਮਾਤ ਦੇ 28 ਫੀਸਦ ਬੱਚੇ ਪਹਿਲੀ ਜਮਾਤ ਪੱਧਰ ਦੇ ਛੋਟੇ ਪੈਰ੍ਹੇ ਪੜ੍ਹ ਸਕਦੇ ਹਨ ਪਰ ਦੂਜੀ ਜਮਾਤ ਦੀਆਂ ਕਿਤਾਬਾਂ ਦੇ ਵੱਡੇ ਪੈਰ੍ਹੇ ਨਹੀਂ ਪੜ੍ਹ ਸਕਦੇ ਹਨ। ਏਐੱਸਈਆਰ ਦੇ ਜ਼ੋਨਲ ਮੈਨੇਜਰ (ਪੰਜਾਬ) ਪ੍ਰਭਸਿਮਰਨ ਸਿੰਘ ਨੇ ਕਿਹਾ ਕਿ ਇਸ ਦਿਹਾਤੀ ਸਰਵੇਖਣ ਵਿੱਚ 600 ਪਿੰਡਾਂ ਦੇ 3 ਤੋਂ 16 ਸਾਲ ਉਮਰ ਦੇ 20,226 ਬੱਚਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸਰਵੇਖਣ ਦੌਰਾਨ 2022 ਦੇ ਸਰਵੇਖਣ ਨਾਲੋਂ ਗਣਿਤ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਮਾਮਲੇ ਵਿੱਚ ਤਾਂ ਬੱਚਿਆਂ ਵਿੱਚ ਕਾਫੀ ਸੁਧਾਰ ਦੇਖਿਆ ਗਿਆ ਪਰ ਪੜ੍ਹਨ ਦੀ ਸਮਰੱਥਾ ਅਜੇ ਵੀ ਚਿੰਤਾ ਦਾ ਵਿਸ਼ਾ ਹੈ। ਪੜ੍ਹਨ ਦੀ ਸਮਰੱਥਾ ਦੇ ਮਾਮਲੇ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਿੱਚ 3.4 ਫੀਸਦ ਦਾ ਸੁਧਾਰ ਦੇਖਿਆ ਗਿਆ ਹੈ ਜਦਕਿ ਨਿੱਜੀ ਸਕੂਲਾਂ ਵਿੱਚ ਮਨਫੀ 0.9 ਫੀਸਦ ਦਾ ਨਿਘਾਰ ਆਇਆ ਹੈ। ਗਣਿਤ ਦੇ ਮਾਮਲੇ ਵਿੱਚ ਘੱਟੋ ਘੱਟ 51 ਫੀਸਦ ਬੱਚੇ ਘਟਾਓ ਦਾ ਸਵਾਲ ਤਾਂ ਕਰ ਹੀ ਲੈਂਦੇ ਹਨ। 2022 ਤੋਂ ਬਾਅਦ ਹੁਣ 2024 ਵਿੱਚ ਹੋਏ ਸਰਵੇਖਣ 'ਚ ਸਰਕਾਰੀ ਸਕੂਲਾਂ ਦੇ ਤੀਜੀ ਜਮਾਤ ਦੇ ਬੱਚਿਆਂ ਦੀ ਪੜ੍ਹਨ ਦੀ ਸਮਰੱਥਾ ਵਿੱਚ ਸੁਧਾਰ ਹੋਇਆ ਹੈ ਜੋ ਕਿ ਦੂਜੀ ਜਮਾਤ ਦੀਆਂ ਕਿਤਾਬਾਂ ਪੜ੍ਹ ਸਕਦੇ ਹਨ।



**ਮੁੰਡਿਆਂ ਨਾਲੋਂ ਬਿਹਤਰ ਨੇ ਕੁੜੀਆਂ**

ਗਰੇਡ ਅਤੇ ਲਿੰਗ ਮੁਤਾਬਕ ਕੁੜੀਆਂ ਦੀ ਪੜ੍ਹਨ ਦੀ ਸਮਰੱਥਾ ਮੁੰਡਿਆਂ ਨਾਲ ਬਿਹਤਰ ਹੈ। ਤੀਜੀ ਜਮਾਤ ਵਿੱਚ ਮੁੰਡਿਆਂ ਦੀ ਪੜ੍ਹਨ ਦੀ ਸਮਰੱਥਾ 2022 ਵਿੱਚ 29.5 ਫੀਸਦ ਸੀ ਜਦਕਿ 2024 ਵਿੱਚ ਇਹ 31.9 ਫੀਸਦ 'ਤੇ ਪੁੱਜ ਗਈ। ਦੂਜੇ ਪਾਸੇ ਤੀਜੀ ਜਮਾਤ ਦੀਆਂ ਕੁੜੀਆਂ ਵਿੱਚ ਪੜ੍ਹਨ ਦੀ ਸਮਰੱਥਾ 2022 'ਚ 36.8 ਫੀਸਦ ਸੀ ਤੇ 2024 ਵਿੱਚ ਇਹ ਘੱਟ ਕੇ 36.6 ਫੀਸਦ ਰਹਿ ਗਈ। ਅੱਠਵੀਂ ਜਮਾਤ ਦੇ ਮੁੰਡਿਆਂ ਵਿੱਚ ਪੜ੍ਹਨ ਦੀ ਸਮਰੱਥਾ 2022 'ਚ 81.2 ਫੀਸਦ ਸੀ ਤੇ 2024 ਵਿੱਚ ਇਹ ਘੱਟ ਕੇ 71 ਫੀਸਦ ਰਹਿ ਗਈ। ਅੱਠਵੀਂ ਜਮਾਤ ਦੀਆਂ ਕੁੜੀਆਂ ਵਿੱਚ ਪੜ੍ਹਨ ਦੀ ਸਮਰੱਥਾ 2022 'ਚ 88.9 ਫੀਸਦ ਸੀ ਜੋ ਕਿ 2024 ਵਿੱਚ ਘੱਟ ਕੇ 81.2 ਫੀਸਦ ਰਹਿ ਗਈ।

**ਮਿੱਡ-ਡੇਅ ਮੀਲ ਸਣੇ ਕਈ ਖੇਤਰਾਂ 'ਚ ਕੌਮੀ ਅੰਕੜਿਆਂ ਨਾਲੋਂ ਬਿਹਤਰ ਹੈ ਸਥਿਤੀ**

ਮਿੱਡ-ਡੇਅ ਮੀਲ ਸਣੇ ਕਈ ਖੇਤਰਾਂ ਵਿੱਚ ਪੰਜਾਬ ਦੇ ਸਕੂਲਾਂ ਦੀ ਸਥਿਤੀ ਕੌਮੀ ਅੰਕੜਿਆਂ ਨਾਲੋਂ ਬਿਹਤਰ ਵੀ ਹੈ। ਕੌਮੀ ਪੱਧਰ 'ਤੇ 91.9 ਫੀਸਦ ਸਕੂਲਾਂ ਵਿੱਚ ਮਿੱਡ-ਡੇਅ ਮੀਲ ਦਿੱਤੀ ਜਾਂਦੀ ਹੈ ਜਦਕਿ ਪੰਜਾਬ ਦੇ 97.4 ਫੀਸਦ ਸਕੂਲਾਂ ਵਿੱਚ ਮਿੱਡ-ਡੇਅ ਮੀਲ ਦਿੱਤੀ ਜਾ ਰਹੀ ਹੈ। ਪੰਜਾਬ ਦੇ ਸਿਰਫ਼ 2.8 ਫੀਸਦ ਸਕੂਲਾਂ ਵਿੱਚ ਲਾਇਬ੍ਰੇਰੀਆਂ ਨਹੀਂ ਹਨ ਜਦਕਿ ਕੌਮੀ ਪੱਧਰ 'ਤੇ ਇਹ ਸਕੂਲਾਂ ਦਾ ਅੰਕੜਾ 17.5 ਫੀਸਦ ਹੈ। ਪੰਜਾਬ ਦੇ 81.2 ਫੀਸਦ ਸਕੂਲਾਂ 'ਚ ਪਖਾਨਿਆਂ ਦੀ ਸਹੂਲਤ ਹੈ ਜਦਕਿ ਕੌਮੀ ਪੱਧਰ 'ਤੇ 79 ਫੀਸਦ ਸਕੂਲਾਂ 'ਚ ਪਖਾਨੇ ਦੀ ਸਹੂਲਤ ਹੈ। ਸੂਬੇ ਦੇ 77 ਫੀਸਦ ਸਕੂਲਾਂ 'ਚ ਕੁੜੀਆਂ ਲਈ ਵੱਖਰੇ ਪਖਾਨੇ ਹਨ ਜਦਕਿ ਕੌਮੀ ਪੱਧਰ 'ਤੇ 72 ਫੀਸਦ ਸਕੂਲਾਂ 'ਚ ਇਹ ਸਹੂਲਤ ਹੈ। ਇਸੇ ਤਰ੍ਹਾਂ ਪੰਜਾਬ ਦੇ 31.7 ਫੀਸਦ ਸਕੂਲਾਂ 'ਚ ਵਿਦਿਆਰਥੀਆਂ ਕੋਲ ਕੰਪਿਊਟਰ ਦੀ ਸਹੂਲਤ ਹੈ ਜਦਕਿ ਕੌਮੀ ਪੱਧਰ 'ਤੇ ਸਿਰਫ਼ 11.1 ਫ਼ੀਸਦ ਸਕੂਲਾਂ ਦੇ ਵਿਦਿਆਰਥੀਆਂ ਨੂੰ ਇਹ ਸਹੂਲਤ ਮਿਲ ਰਹੀ ਹੈ।

# ਸੰਤ ਮੱਖਣ ਸਿੰਘ ਦੀ ਯਾਦ 'ਚ ਲੋੜਵੰਦ ਧੀਆਂ ਦੇ ਅਨੰਦ ਕਾਰਜ ਕਰਵਾਏ ਜਾਣਗੇ : ਸੰਤ ਅਮਨਦੀਪ ਸਿੰਘ

**ਅੰਮ੍ਰਿਤਸਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦ ਭਾਈ ਮਨੀ ਸਿੰਘ ਟਕਸਾਲ ਦੇ 11ਵੇਂ ਮੁਖੀ ਸੱਚਖੰਡ ਵਾਸੀ ਸੰਤ ਬਾਬਾ ਮੱਖਣ ਸਿੰਘ ਜੀ ਦੀ ਸਲਾਨਾ ਬਰਸੀ ਤੇ ਲੋੜਵੰਦ ਪਰਿਵਾਰਾਂ ਦੀਆ ਧੀਆਂ ਦੇ ਅਨੰਦ ਕਾਰਜ ਕਰਵਾਏ ਜਾਣਗੇ। ਇਹ ਵਿਚਾਰ ਸ਼ਹੀਦ ਭਾਈ ਮਨੀ ਸਿੰਘ ਟਕਸਾਲ ਦੇ 12ਵੇਂ ਮੁਖੀ ਸੰਤ ਅਮਨਦੀਪ ਸਿੰਘ ਨੇ ਅੱਜ ਡੇਰਾ ਸੰਤ ਅਮੀਰ ਸਿੰਘ ਗਲੀ ਸੱਤੋ ਵਾਲੀ ਕਟੜਾ ਕਰਮ ਸਿੰਘ ਵਿਖੇ ਗੱਲਬਾਤ ਕਰਦਿਆ ਪ੍ਰਗਟਾਏ।

ਉਹਨਾ ਕਿਹਾ ਕਿ ਸੰਤ ਬਾਬਾ ਮੱਖਣ ਸਿੰਘ ਜੀ ਵਲੋ ਆਪਣੇ ਜੀਵਨ ਕਾਲ ਦੌਰਾਨ 13 ਹਜਾਰ ਤੋ ਵੀ ਵੱਧ ਲੋੜਵੰਦ ਪਰਿਵਾਰਾਂ ਦੀਆ ਬੱਚੀਆ ਦੇ ਅਨੰਦ ਕਾਰਜ ਕਰਵਾਏ ਗਏ ਹਨ ਜਿਨਾ ਦੀ ਆਰੰਭੀ ਸੇਵਾ ਨੂੰ ਅੱਗੇ ਵੀ ਜਾਰੀ ਰੱਖੀਆ ਜਾਵੇਗਾ। ਸੰਤ ਅਮਨਦੀਪ ਸਿੰਘ ਨੇ ਕਿਹਾ ਕਿ 3 ਫਰਵਰੀ ਨੂੰ ਹੋ ਰਹੇ ਸਮਾਗਮ ਚੋ ਜਿਹੜੇ ਵੀ ਪਰਿਵਾਰ ਆਪਣੇ ਧੀਆ ਦੇ ਅਨੰਦ ਕਾਰਜ ਕਰਵਾਉਣਾ ਚਾਹੁੰਦੇ ਹੋਣ ਉਹ ਡੇਰਾ ਸੰਤ ਅਮੀਰ ਸਿੰਘ ਗਲੀ ਸਤੋ ਵਾਲੀ ਕਟੜਾ ਕਰਮ ਸਿੰਘ ਵਿਖੇ ਆ ਕੇ ਆਪਣਾ ਨਾਮ ਦਰਜ ਕਰਵਾ ਸਕਦੇ ਨੇ ਉਹਨਾ ਕਿਹਾ ਕਿ ਨਵ ਵਿਆਹੇ ਜੋੜਿਆ ਨੂੰ ਅਸ਼ੀਰਵਾਦ ਦੇ ਤੌਰ ਤੇ ਸਾਰਾ ਘਰੇਲੂ ਸਮਾਨ ਵੀ ਦਿਤਾ ਜਾਉਗਾ ਜਿਸ ਦੀ ਤਿਆਰੀ ਹੁਣ ਤੋ ਹੀ ਅਰੰਭ ਦਿੱਤੀਆ ਗਈਆ ਹਨ ਇਹਨਾ ਦੱਸਿਆ ਕਿ ਸਿੱਖ ਪਰਿਵਾਰ ਦੇ ਬੱਚਿਆ ਨੂੰ ਗੁਰੂ ਲੜ ਲਗਾਉਣ ਦੇ ਮੰਤਵ ਨਾਲ ਡੇਰੇ ਚ ਗੁਰਬਾਣੀ ਸੰਥਿਆ ਤੇ ਕੀਰਤਨ ਦੀ ਵੀ ਫ੍ਰੀ ਸਿਖਲਾਈ ਦਿਤੀ ਜਾਂਦੀ ਹੈ ਤੇ ਬੱਚਿਆ ਨੂੰ ਰਹਿਣ ਦਾ ਸਾਰਾ ਪ੍ਰਬੰਧ ਵੀ ਫ੍ਰੀ ਹੈ ਸੰਤ ਅਮਨਦੀਪ ਸਿੰਘ ਨੇ ਕਿਹਾ ਕਿ ਸੰਤ ਮੱਖਣ ਸਿੰਘ ਜੀ ਦੇ ਅਰੰਭੇ ਸੇਵਾ ਦੇ ਕਾਰਜਾ ਸੰਗਤਾ ਦੇ ਸਹਿਯੋਗ ਸਦਕਾ ਅੱਗੇ ਵੀ ਨਿਰੰਤਰ ਜਾਰੀ ਰੱਖੇ ਜਾਣਗੇ।

# ਟਰੰਪ ਦੇ ਸਖ਼ਤ ਨਿਯਮਾਂ ਦਾ ਅਸਰ, ਹਵਾਈ ਅੱਡੇ ਤੋਂ ਵਾਪਿਸ ਭੇਜੇ ਭਾਰਤੀ

**ਨਵੀਂ ਦਿੱਲੀ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਗ਼ੈਰ ਪਰਵਾਸੀਆਂ ਦੇ ਮੁੱਦੇ 'ਤੇ ਕਾਫ਼ੀ ਸਖ਼ਤ ਹਨ। ਟਰੰਪ ਦੇ ਫ਼ੈਸਲੇ ਨਾਲ ਭਾਰਤ ਸਮੇਤ ਦੁਨੀਆਂ ਦੇ ਕਈ ਦੇਸ਼ਾਂ 'ਚ ਨਿਰਾਸ਼ਾ ਹੈ। ਇਮੀਗ੍ਰੇਸ਼ਨ ਨਿਯਮਾਂ 'ਚ ਤਬਦੀਲੀਆਂ ਵਿਚਕਾਰ ਅਮਰੀਕਾ 'ਚ ਰਹਿਣ ਵਾਲਾ ਭਾਰਤੀ ਭਾਈਚਾਰਾ ਵੀ ਚਿੰਤਤ ਹੈ। ਇਸ ਵਿਚਕਾਰ ਅਮਰੀਕਾ ਦੇ ਇੱਕ ਏਅਰਪੋਰਟ ਤੋਂ ਭਾਰਤੀ ਲੋਕਾਂ ਨੂੰ ਐਂਟਰੀ ਨਾ ਦੇਣ ਦੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਿਕ ਦੇ ਅਮਰੀਕਾ 'ਚ ਰਹਿਣ ਵਾਲੇ ਇੱਕ ਸ਼ਖ਼ਸ ਦੇ ਭਾਰਤੀ ਮਾਤਾ-ਪਿਤਾ ਨੂੰ ਵਾਪਸੀ ਟਿਕਟ ਨਾ ਹੋਣ ਦੀ ਵਜ੍ਹਾ ਕਾਰਨ ਅੰਦਰ ਜਾਣ ਤੋਂ ਮਨਾ ਕਰ ਦਿੱਤਾ ਗਿਆ ਅਤੇ ਉੱਥੋਂ ਹੀ ਵਾਪਿਸ ਭੇਜ ਦਿੱਤਾ ਗਿਆ।

ਮਿਰਚੀ-9 ਦੀ ਇੱਕ ਰਿਪੋਰਟ ਮੁਤਾਬਿਕ ਅਮਰੀਕਾ 'ਚ ਆਪਣੇ ਬੱਚਿਆਂ ਤੋਂ ਮਿਲਣ ਗਏ ਭਾਰਤੀ ਮਾਪਿਆਂ ਨੂੰ ਨੇਵਾਰਕ ਹਵਾਈ ਅੱਡੇ 'ਤੇ ਐਂਟਰੀ ਨਹੀਂ ਦਿੱਤੀ ਗਈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਇਸ ਜੋੜੇ ਕੋਲ B-1/B-2 ਵਿਜ਼ਟਰ ਵੀਜ਼ੇ ਸਨ, ਅਤੇ ਉਨ੍ਹਾਂ ਨੇ ਇਸ ਆਧਾਰ 'ਤੇ ਪੰਜ ਮਹੀਨਿਆਂ ਤਕ ਅਮਰੀਕਾ 'ਚ ਰਹਿਣ ਦੀ ਯੋਜਨਾ ਬਣਾਈ ਸੀ। ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਸਾਰੀਆਂ ਦਲੀਲਾ ਅਤੇ ਸਪੱਸ਼ਟੀਕਰਣਾਂ ਨੂੰ ਖ਼ਾਰਿਜ ਕਰਦਿਆਂ ਮਾਪਿਆਂ ਨੂੰ ਹਵਾਈ ਅੱਡੇ ਤੋਂ ਸਿੱਧਾ ਭਾਰਤ ਵਾਪਿਸ ਭੇਜ ਦਿੱਤਾ।




ਦੂਜੇ ਪਾਸੇ ਇਸ ਤਰ੍ਹਾਂ ਦੇ ਨਿਯਮਾਂ ਦੀ ਘੋਸ਼ਣਾ ਨਾ ਹੋਣ ਕਰ ਕੇ ਲੋਕਾਂ 'ਚ ਭੁਲੇਖੇ ਦੀ ਸਥਿਤੀ ਬਣੀ ਹੋਈ ਹੈ। ਅਮਰੀਕੀ ਅਧਿਕਾਰੀਆਂ ਨੇ ਭਾਰਤੀਆਂ ਨੂੰ ਵਾਪਿਸ ਭੇਜਣ ਲਈ 2025 ਦੇ ਨਵੇਂ ਨਿਯਮਾਂ ਦਾ ਹਵਾਲਾ ਦਿੱਤਾ। ਇਨ੍ਹਾਂ ਬਦਲਾਵਾਂ ਸਬੰਧੀ ਪਹਿਲਾਂ ਕੋਈ ਵੀ ਸੂਚਨਾ ਨਹੀਂ ਦਿੱਤੀ ਗਈ ਸੀ।

ਇਸ ਤਰ੍ਹਾਂ ਦੀਆਂ ਘਟਨਾਵਾਂ ਅਮਰੀਕਾ 'ਚ ਰਹਿਣ ਵਾਲੇ ਭਾਰਤੀਆਂ ਦੀਆਂ ਚਿੰਤਾਵਾਂ ਵਧਾ ਸਕਦੀਆਂ ਹਨ। ਇਹ ਸਵਾਲ ਵੀ ਉੱਠ ਰਿਹਾ ਹੈ ਕਿ ਟਰੰਪ ਦੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਅਮਰੀਕਾ ਆਉਣ ਵਾਲੇ ਦਿਨਾਂ 'ਚ ਅਜਿਹੇ ਕਦਮ ਅਚਾਨਕ ਚੁੱਕ ਸਕਦਾ ਹੈ।

ਰਿਪਰੋਟ ਅਨੁਸਾਰ ਇਹ ਇੱਕ ਹੈਰਾਨੀਜਨਕ ਸਥਿਤੀ ਹੈ ਕਿਉਂਕਿ ਇਸ ਗੱਲ ਦਾ ਕੋਈ ਅਧਿਕਾਰਿਕ ਐਲਾਨ ਨਹੀਂ ਕੀਤਾ ਗਿਆ ਹੈ ਕਿ ਅਮਰੀਕਾ ਆਉਣ ਵਾਲੇ ਸੈਲਾਨੀਆਂ ਲਈ ਵਾਪਸੀ ਟਿਕਟਾਂ ਲਾਜ਼ਮੀ ਹਨ। ਇਹ ਮੰਨਿਆ ਜਾਂਦਾ ਹੈ ਕਿ ਟਰੰਪ ਸ਼ਾਸਨ ਅਧੀਨ ਸਖ਼ਤ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ।

ਇਸ ਮਾਮਲੇ 'ਚ ਇਮੀਗ੍ਰੇਸ਼ਨ ਅਧਿਕਾਰੀ ਨੇ ਕਿਹਾ ਕਿ 2025 ਦੇ ਨਵੇਂ ਨਿਯਮਾਂ ਅਨੁਸਾਰ ਸੈਲਾਨੀਆਂ ਨੂੰ ਅਮਰੀਕਾ ਵਾਪਸੀ ਟਿਕਟ ਨਾਲ ਪਹੁੰਚਣਾ ਲਾਜ਼ਮੀ ਹੈ। ਤਬਦੀਲੀਆਂ ਬਾਰੇ ਪੋਰਟ ਔਫ਼ ਐਂਟਰੀ 'ਤੇ ਸੂਚਿਤ ਕੀਤਾ ਗਿਆ ਸੀ, ਪਰ ਕੀ ਬਦਲਿਆ ਹੈ ਜਾਂ ਨੇੜਲੇ ਭਵਿੱਖ 'ਚ ਕੀ ਬਦਲ ਸਕਦਾ ਹੈ, ਇਸ ਬਾਰੇ ਕੋਈ ਪਹਿਲਾਂ ਤੋਂ ਸੂਚਨਾ ਜਾਂ ਸਪੱਸ਼ਟੀਕਰਣ ਨਹੀਂ ਦਿੱਤਾ ਗਿਆ ਸੀ।

# ਜ਼ਿਲ੍ਹੇ ਦੇ 66 ਪਿੰਡਾਂ ਵਿੱਚ 09 ਕਰੋੜ 90 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਨੇ ਖੇਡ ਮੈਦਾਨ : ਡਾ ਪੱਲਵੀ



**ਮਲੇਰਕੋਟਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਮਾਲੇਰਕੋਟਲਾ ਜ਼ਿਲ੍ਹੇ ਦੇ ਪਿੰਡਾਂ ਅੰਦਰ ਚੱਲ ਰਹੇ ਪ੍ਰੋਜੈਕਟਾਂ ਦਾ ਜਾਇਜ਼ਾ ਲੈਂਦਿਆਂ ਆਂਗਣਵਾੜੀ ਕੇਂਦਰਾਂ,ਸਵੱਛ ਭਾਰਤ ਗ੍ਰਾਮੀਣ,ਠੋਸ ਤੇ ਤਰਲ ਕੂੜਾ ਪ੍ਰਬੰਧਨ ,ਖੇਡ ਮੈਦਾਨਾਂ, ਲਾਇਬ੍ਰੇਰੀਆਂ, ਮਗਨਰੇਗਾ ਸਕੀਮ ਤਹਿਤ ਚੱਲ ਰਹੇ ਕੰਮਾਂ ਸਬੰਧੀ ਮੀਟਿੰਗ ਕਰਦਿਆਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਇਸ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਵਦੀਪ ਕੌਰ,ਡੀ.ਡੀ.ਪੀ.ਓ ਰਿੰਪੀ ਗਰਗ, ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਇੰਜ. ਗੁਰਵਿੰਦਰ ਸਿੰਘ, ਬੀ.ਡੀ.ਪੀ.ਓ ਜਗਰਾਜ ਸਿੰਘ, ਬੀ.ਡੀ.ਪੀ.ਓ ਗੁਰਮੀਤ ਸਿੰਘ, ਜੂਨੀਅਰ ਇੰਜੀਨੀਅਰ ਜਿੰਮੀ ਖਾਨ, ਵਰਕਸ ਮੈਨੇਜਰ ਮਗਨਰੇਗਾ ਰਜਤ ਸਿੰਗਲਾ, ਏ.ਪੀ.ਓ ਅਮਰਜੀਤ ਸਿੰਘ, ਸਹਾਇਕ ਅੰਕੜਾ ਸਲਾਹਕਾਰ ਅਫ਼ਸਰ ਗੁਰਵਿੰਦਰ ਕੌਰ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ ।

ਇਸ ਮੌਕੇ ਉਨ੍ਹਾਂ ਅਧਿਕਾਰੀਆਂ ਤੋਂ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਉਪਲਬਧ ਕਰਵਾਉਣ ਸਬੰਧੀ ਸਥਿਤੀ ਦਾ ਜਾਇਜ਼ਾ ਲੈਣ ਦੇ ਨਾਲ ਨਾਲ ਲੋਕਾਂ ਨੂੰ ਦਰਪੇਸ਼ ਪ੍ਰਸ਼ਾਸਨਿਕ ਮੁਸ਼ਕਲਾਂ ਦਾ ਤਰਜੀਹ ਦੇ ਆਧਾਰ ਤੇ ਨਿਪਟਾਰਾ ਕਰਨ ਲਈ ਆਖਿਆ । ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ।

# 400 ਕਿੱਲੋ ਸੋਨੇ ਦੀ ਕੀਮਤ ਸਿਰ.ਫ ਸਾਢੇ 18 ਹਜ਼ਾਰ ਡਾਲਰ

**ਟੋਰਾਂਟੋ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ 'ਚੋਂ 400 ਕਿੱਲੋ ਸੋਨਾ ਲੁੱਟਣ ਦੇ ਮਾਮਲੇ 'ਚ ਹੈਰਾਨ ਕਰ ਦੇਣ ਵਾਲਾ ਅਦਾਲਤੀ ਫ਼ੈਸਲਾ ਸਾਹਮਣੇ ਆਇਆ ਹੈ। ਅਦਾਲਤ ਨੇ ਏਅਰ ਕੈਨੇਡਾ ਨੂੰ ਨੁਕਸਾਨ ਦੀ ਭਰਪਾਈ ਲਈ 18 ਹਜ਼ਾਰ 500 ਡਾਲਰ ਅਦਾ ਕਰਨ ਦੇ ਹੁਕਮ ਦਿੱਤੇ ਹਨ। ਟੋਰੌਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ 'ਤੇ ਵੱਜੇ ਡਾਕੇ ਮਗਰੋਂ ਜ਼ਿਊਰਿਕ ਤੋਂ ਸੋਨਾ ਲਿਆਉਣ ਵਾਲੀ ਕੰਪਨੀ ਬ੍ਰਿੰਕਸ ਵਲੋਂ ਏਅਰ ਕੈਨੇਡਾ ਤੋਂ ਨਾ ਸਿਰਫ਼ ਸੋਨੇ ਦੀ ਪੂਰੀ ਕੀਮਤ ਬਲਕਿ ਹਰਜਾਨੇ ਦੇ ਰੂਪ 'ਚ ਵਧੇਰੇ ਰਕਮ ਦੀ ਮੰਗ ਕੀਤੀ ਗਈ ਸੀ।

CP24 ਦੀ ਰਿਪੋਰਟ ਮੁਤਾਬਿਕ ਜੱਜ ਸੈਸਲੀ ਸਟ੍ਰਿਕਲੈਂਡ ਨੇ ਆਪਣੇ ਫ਼ੈਸਲੇ ਕਿਹਾ ਕਿ ਸ਼ਿਪਮੈਂਟ ਚੋਰੀ ਹੋਣ ਦੇ ਮਾਮਲੇ 'ਚ ਏਅਰ ਕੈਨੇਡਾ ਦੀ ਜਵਾਬਦੇਹੀ ਬੇਹੱਦ ਸੀਮਿਤ ਹੈ ਕਿਉਂਕਿ ਮੌਂਟਰੀਆਲ ਕਨਵੈਨਸ਼ਨ 'ਚ ਹੋਈ ਇੱਕ ਕੌਮਾਂਤਰੀ ਸੰਧੀ ਅਧੀਨ ਬੈਗੇਜ ਅਤੇ ਕਾਰਗੋ ਗੁੰਮ ਹੋਣ ਜਾਂ ਨੁਕਸਾਨੇ ਜਾਣ ਜਾਂ ਮੁਸਾਫ਼ਿਰਾਂ ਦੀ ਮੌਤ ਜਾਂ ਜ਼ਖ਼ਮੀ ਹੋਣ ਦੀ ਸੂਰਤ 'ਚ ਕਿਸੇ ਵੀ ਏਅਰਲਾਈਨਜ਼ ਦੀ ਜ਼ਿੰਮੇਵਾਰੀ ਤੈਅ ਕਰਨ ਦੇ ਮਾਪਦੰਡ ਤੈਅ ਕੀਤੇ ਗਏ ਸਨ। ਕੌਮਾਂਤਰੀ ਸੰਧੀ ਦੇ ਨਿਯਮਾਂ ਮੁਤਾਬਿਕ ਏਅਰ ਕੈਨੇਡਾ 9,988 SDR ਦੀ ਦੇਣਦਾਰ ਬਣਦੀ ਹੈ ਅਤੇ ਡਾਲਰਾਂ 'ਚ ਤਬਦੀਲ ਕੀਤੇ ਜਾਣ 'ਤੇ ਇਹ ਰਕਮ 18 ਹਜ਼ਾਰ 500 ਡਾਲਰ ਬਣਦੀ ਹੈ। ਇੱਥੇ ਦੱਸਣਾ ਜ਼ਰੂਰੀ ਹੈ ਕਿ ਬ੍ਰਿੰਕਸ ਦੀ ਸ਼ਿਪਮੈਂਟ 'ਚ 20 ਮਿਲੀਅਨ ਡਾਲਰਜ਼ ਦੇ ਮੁੱਲ ਦੀਆਂ 6, 600 ਸੋਨੇ ਦੀਆਂ ਇੱਟਾਂ ਅਤੇ 25 ਲੱਖ ਡਾਲਰਾਂ ਦੀ ਵਿਦੇਸ਼ੀ ਕਰੰਸੀ ਸ਼ਾਮਿਲ ਸੀ ਜਿਸ ਨੂੰ ਜ਼ਿਊਰਿਕ ਤੋਂ ਟੋਰੌਂਟੋ ਪੁੱਜਣ ਮਗਰੋਂ ਏਅਰ ਕੈਨੇਡਾ ਦੀ ਕਾਰਗੋ ਫ਼ੈਸੀਲਿਟੀ 'ਚ ਰੱਖਿਆ ਗਿਆ ਸੀ, ਪਰ ਸ਼ਾਤਿਰ ਲੁਟੇਰੇ ਜਾਅਲੀ ਕਾਗ਼ਜ਼ਾਂ ਦੇ ਆਧਾਰ 'ਤੇ ਸਭ ਕੁੱਝ ਟਰੱਕ 'ਚ ਲੱਦ ਕੇ ਫ਼ਰਾਰ ਹੋ ਗਏ।ਕੈਨੇਡੀਅਨ ਇਤਿਹਾਸ 'ਚ ਸੋਨੇ ਦੀ ਸਭ ਤੋਂ ਵੱਡੀ ਲੁੱਟ ਦੇ ਮਾਮਲੇ 'ਚ ਪੀਲ ਰੀਜਨਲ ਪੁਲੀਸ ਕਈ ਭਾਰਤੀਆਂ ਸਣੇ 10 ਜਣਿਆਂ ਵਿਰੁੱਧ ਦੋਸ਼ ਆਇਦ ਕਰ ਚੁੱਕੀ ਹੈ। ਨਵੰਬਰ 2024 'ਚ ਪੁਲੀਸ ਨੂੰ ਇੱਕ ਸ਼ੱਕੀ ਵਿਰੁੱਧ ਮੁੜ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨੇ ਪਏ ਜਦੋਂ ਉਹ ਜ਼ਮਾਨਤ 'ਤੇ ਰਿਹਾਅ ਹੋਣ ਮਗਰੋਂ ਅਦਾਲਤ 'ਚ ਪੇਸ਼ ਨਾ ਹੋਇਆ। ਦੂਜੇ ਪਾਸੇ ਮਾਮਲੇ ਦੇ ਇੱਕ ਹੋਰ ਸ਼ੱਕੀ ਸਿਮਰਨਪ੍ਰੀਤ ਪਨੇਸਰ ਵਲੋਂ ਆਤਮ-ਸਮਰਪਣ ਨਹੀਂ ਕੀਤਾ ਗਿਆ ਜਿਸ ਦੇ ਵਕੀਲ ਵਲੋਂ ਆਪਣੇ ਮੁਵੱਕਿਲ ਦੇ ਪੁਲੀਸ ਅੱਗੇ ਪੇਸ਼ ਹੋਣ ਦਾ ਯਕੀਨ ਦਿਵਾਇਆ ਗਿਆ ਸੀ। ਪੁਲੀਸ ਮੁਤਾਬਿਕ 35 ਸਾਲ ਦੇ ਪ੍ਰਸ਼ਾਦ ਪਰਮਾਲਿੰਗਮ ਨੇ ਦੁਰਾਂਤੇ ਕਿੰਗ ਮੈਕਲੀਨ ਦੀ ਮਦਦ ਕੀਤੀ ਸੀ ਜੋ ਸਫ਼ੈਦ ਰੰਗ ਦੇ ਇੱਕ ਟਰੱਕ 'ਚ ਸਵਾ ਦੋ ਕਰੋੜ ਡਾਲਰ ਤੋਂ ਵੱਧ ਮੁੱਲ ਦਾ ਸੋਨਾ ਲੱਦ ਕੇ ਫ਼ਰਾਰ ਹੋ ਗਿਆ।ਇਹ ਸੋਨਾ ਅਪ੍ਰੈਲ 2023 'ਚ ਏਅਰ ਕੈਨੇਡਾ ਦੀ ਕਾਰਗੋ ਫ਼ੈਸੀਲਿਟੀ ਤੋਂ ਲੁੱਟਿਆ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਟੋਰੌਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਲੁੱਟੇ 400 ਕਿੱਲੋ ਸੋਨੇ ਨਾਲ ਸਬੰਧਤ ਇੱਕ ਮੁਕੱਦਮਾ ਅਮਰੀਕਾ 'ਚ ਵੀ ਚੱਲ ਰਿਹਾ ਹੈ ਅਤੇ ਪੈਨਸਿਲਵੇਨੀਆ ਸਟੇਟ ਪੁਲੀਸ ਅਰਚਿਤ ਗਰੋਵਰ ਅਤੇ ਪ੍ਰਸ਼ਾਦ ਪਰਮਾਲਿੰਗਮ ਦੀ ਹਿਰਾਸਤ ਚਾਹੁੰਦੀ ਹੈ ਜਿਹੜੇ ਦੋਹੇਂ ਇਸ ਵੇਲੇ ਕੈਨੇਡਾ 'ਚ ਮੌਜੂਦ ਹਨ। ਦੱਸਿਆ ਜਾ ਰਿਹਾ ਹੈ ਕਿ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖਲ ਹੋਇਆ ਇੱਕ ਹੋਰ ਕੈਨੇਡੀਅਨ ਪਹਿਲਾਂ ਹੀ ਪੈਨਸਿਲਵੇਨੀਆ ਪੁਲੀਸ ਦੀ ਹਿਰਾਸਤ 'ਚ ਹੈ। ਇਸੇ ਦੌਰਾਨ ਸਿਮਰਨਪ੍ਰੀਤ ਪਨੇਸਰ ਦਾ ਵੀ ਕੋਈ ਅਤਾ-ਪਤਾ ਨਹੀਂ। ਸਿਮਰਨਪ੍ਰੀਤ ਦੇ ਵਕੀਲ ਨੇ ਜੂਨ 2024 'ਚ ਕਿਹਾ ਸੀ ਕਿ ਉਸ ਦਾ ਮੁਵੱਕਿਲ ਅਗਲੇ ਕੁੱਝ ਹਫ਼ਤਿਆਂ ਦੌਰਾਨ ਕੈਨੇਡਾ ਪਰਤ ਆਵੇਗਾ। ਮੰਨਿਆ ਜਾ ਰਿਹਾ ਹੈ ਕਿ ਸਿਮਰਨਪ੍ਰੀਤ ਇਸ ਵੇਲੇ ਆਪਣੀ ਪਤਨੀ ਪ੍ਰੀਤੀ ਪਨੇਸਰ ਨਾਲ ਭਾਰਤ 'ਚ ਹੈ। ਸਵਾ ਦੋ ਕਰੋੜ ਡਾਲਰ ਤੋਂ ਵੱਧ ਮੁੱਲ ਦਾ ਸੋਨਾ ਲੁੱਟਣ ਦੇ ਮਾਮਲੇ 'ਚ ਪ੍ਰੀਤੀ ਪਨੇਸਰ ਦੀ ਕੋਈ ਸ਼ਮੂਲੀਅਤ ਨਹੀਂ ਮੰਨੀ ਜਾ ਰਹੀ। ਸਾਬਕਾ ਮਿਸ ਇੰਡੀਆ ਯੂਗਾਂਡਾ ਪ੍ਰੀਤੀ ਪਨੇਸਰ ਅਦਾਕਾਰੀ ਦੇ ਨਾਲ-ਨਾਲ ਗਾਇਕੀ ਦਾ ਵੀ ਸ਼ੌਕ ਰਖਦੀ ਹੈ। ਪੀਲ ਰੀਜਨਲ ਪੁਲੀਸ ਦਾ ਕਹਿਣਾ ਹੈ ਕਿ ਲੁੱਟ ਦੀ ਵਾਰਦਾਤ ਬਾਰੇ ਮੁੱਢਲੀ ਪੜਤਾਲ ਦੌਰਾਨ ਪਨੇਸਰ ਨੇ ਹੀ ਜਾਂਚਕਰਤਾਵਾਂ ਨੂੰ ਹਵਾਈ ਅੱਡੇ ਦੇ ਵੇਅਰਹਾਊਸ ਵਾਲੇ ਇਲਾਕੇ ਗੇੜਾ ਲਗਵਾਇਆ ਸੀ।

# ਸਕੂਲ ਦਾ ਸਥਾਪਨਾ ਦਿਵਸ ਮਨਾਇਆ



ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਸਕੂਲ ਡਾਇਰੈਕਟਰ ਸੁਦੇਸ਼ ਜੋਸ਼ੀ।

**ਰਾਜਪੁਰਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕਾਲਰਜ਼ ਪਬਲਿਕ ਸਕੂਲ ਰਾਜਪੁਰਾ ਨੇ ਸਕੂਲ ਦਾ 23ਵਾਂ ਸਥਾਪਨਾ ਦਿਵਸ ਧੂਮ-ਧਾਮ ਨਾਲ ਮਨਾਇਆ। ਸਕੂਲ ਦੇ ਚੇਅਰਮੈਨ ਤਰਸੇਮ ਜੋਸ਼ੀ ਨੇ ਝੰਡਾ ਲਹਿਰਾਇਆ। ਇਸ ਮੌਕੇ ਹਵਨ ਕਰਵਾਇਆ ਗਿਆ ਅਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਦੇ ਭੋਗ ਵੀ ਪਾਏ ਗਏ। ਸਮੁੱਚੇ ਸਕਾਲਰਜ਼ ਪਰਿਵਾਰ ਦੀ ਭਲਾਈ, ਤਰੱਕੀ ਅਤੇ ਬੱਚਿਆਂ ਦੇ ਉਜਵਲ ਭਵਿੱਖ ਲਈ ਅਰਦਾਸ ਕੀਤੀ ਗਈ। ਇਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਅਤੇ ਸਕੂਲ ਦੇ ਚੇਅਰਮੈਨ, ਡਾਇਰੈਕਟਰ, ਪ੍ਰਿੰਸੀਪਲ ਅਤੇ ਮੈਨੇਜਮੈਂਟ ਨੇ ਕੇਕ ਕੱਟਿਆ। ਸਕੂਲ ਡਾਇਰੈਕਟਰ ਸੁਦੇਸ਼ ਜੋਸ਼ੀ ਅਤੇ ਪ੍ਰਿੰਸੀਪਲ ਸ੍ਰੀਮਤੀ ਭਾਰਤੀ ਨੇ ਧੰਨਵਾਦ ਕੀਤਾ।

# ਜ਼ਿਲ੍ਹਾ ਯੂਥ ਕਾਂਗਰਸ ਪ੍ਰਧਾਨ ਦਾ ਸਨਮਾਨ



ਸੰਜੀਵ ਸ਼ਰਮਾ ਦਾ ਸਨਮਾਨ ਕਰਦੇ ਹੋਏ ਕਾਂਗਰਸੀ ਆਗੂ।

**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਚਲੈਲਾ ਵਿਖੇ ਅੱਜ ਪਿੰਡ ਦੀ ਕਾਂਗਰਸੀ ਆਗੂ ਸੁਖਵਿੰਦਰ ਕੌਰ ਵੱਲੋਂ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਸੰਜੀਵ ਸ਼ਰਮਾ ਕਾਲੂ ਦੇ ਸਨਮਾਨ ਵਿੱਚ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਨਾ ਸਿਰਫ਼ ਕਾਂਗਰਸੀ ਵਰਕਰਾਂ ਨੇ ਉਨ੍ਹਾਂ ਦਾ ਸਨਮਾਨ ਕੀਤਾ ਸਗੋਂ ਇਸ ਮੌਕੇ ਅਕਾਲੀ ਦਲ ਦੇ ਵਰਕਰਾਂ ਨੇ ਵੀ ਕਾਂਗਰਸ ਵਿੱਚ ਸ਼ਾਮਲ ਹੋ ਕੇ ਅਕਾਲੀ ਦਲ ਨੂੰ ਝਟਕਾ ਲਗਾਇਆ। ਅੱਜ ਹਰਪ੍ਰੀਤ ਸਿੰਘ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ।

ਸਮਾਗਮ ਮੌਕੇ ਸਾਬਕਾ ਐਂਮਸੀ ਸੇਵਕ ਸਿੰਘ ਝਿੱਲ, ਮਾਧਵ ਸਿੰਗਲ ਪ੍ਰਧਾਨ ਯੂਥ ਕਾਂਗਰਸ ਪਟਿਆਲਾ ਦਿਹਾਤੀ ਹਲਕਾ, ਅੰਜਨ ਸ਼ਰਮਾ ਯੂਥ ਕਾਂਗਰਸ ਪਟਿਆਲਾ ਸ਼ਹਿਰੀ ਹਲਕਾ, ਰਿਧਮ ਸ਼ਰਮਾ, ਗੌਰਵ ਖੁਰਾਣਾ, ਹਰਦਿਆਲ ਸਿੰਘ ਢਿੱਲੋਂ ਚਲੈਲਾ, ਜਰਨੈਲ ਸਿੰਘ ਚਲੈਲਾ, ਸੰਨੀ ਚਲੈਲਾ ਆਦਿ ਹਾਜ਼ਰ ਸਨ।

# ਮਹਾਕੁੰਭ ਭਗਦੜ: ਇਸ਼ਨਾਨ ਕਰਨ ਗਏ ਵਿਅਕਤੀਆਂ ਦੇ ਪਰਿਵਾਰਕ ਮੈਂਬਰ ਫਿਕਰਮੰਦ

**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਤੜਕਸਾਰ ਮਹਾਕੁੰਭ 'ਚ ਭਾਰੀ ਭੀੜ ਕਾਰਨ ਭਗਦੜ ਵਾਲਾ ਮਾਹੌਲ ਬਣ ਗਿਆ, ਜਿਸ ਦੌਰਾਨ ਕਈ ਲੋਕਾਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਤੋਂ ਬਾਅਦ ਫਿਕਰਮੰਦ ਲੋਕਾਂ ਵੱਲੋਂ ਆਪਣੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਤੱਕ ਪਹੁੰਚ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਮਹਾਕੁੰਭ ਵਿੱਚ ਪੰਜਾਬ ਤੋਂ ਵੀ ਵੱਡੀ ਗਿਣਤੀ ਸ਼ਰਧਾਲੂ ਇਸ਼ਨਾਨ ਲਈ ਗਏ ਹਨ। ਮੰਡੀ ਗੋਬਿੰਦਗੜ੍ਹ ਦੇ ਨਿਸ਼ਚਿੰਤ ਕੁਮਾਰ ਨੇ ਕਿਹਾ, ਮੈਂ ਸਵੇਰੇ 7 ਵਜੇ ਤੋਂ ਆਪਣੇ ਪਿਤਾ ਅਤੇ ਮਾਤਾ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਹੁਣ ਤੱਕ ਸੰਪਰਕ ਨਹੀਂ ਹੋ ਸਕਿਆ।'' ਲੁਧਿਆਣਾ ਵਾਸੀ ਮਨੋਜ ਸੂਦ ਨੇ ਕਿਹਾ, ਮਹਾਂਕੁੰਭ ਵਿੱਚ ਕਰੋੜਾਂ ਦੀ ਗਿਣਤੀ ਵਿਚ ਸ਼ਰਧਾਲੂ ਪੁੱਜੇ ਹੋਏ ਸਨ, ਹਰ ਉਮਰ ਦੇ ਲੋਕ ਉੱਥੇ ਮੌਜੂਦ ਸਨ ਪਰ ਅਸੀਂ ਖੁਸ਼ਕਿਸਮਤ ਹਾਂ ਕਿ ਘਟਨਾ ਤੋਂ ਕੁੱਝ ਸਮਾਂ ਪਹਿਲਾਂ ਉਥੋਂ ਰਵਾਨਾ ਹੋ ਗਏ ਅਤੇ ਸੁਰੱਖਿਅਤ ਘਰ ਵਾਪਸ ਪੁੱਜ ਗਏ।

ਜ਼ਿਕਰਯੋਗ ਹੈ ਕਿ ਮੌਨੀ ਮੱਸਿਆ 'ਤੇ ਪਵਿੱਤਰ ਇਸ਼ਨਾਨ ਲਈ ਲੱਖਾਂ ਸ਼ਰਧਾਲੂਆਂ ਦੇ ਪੁੱਜਣ ਦੌਰਾਨ ਭਗਦੜ ਵਰਗੀ ਸਥਿਤੀ ਬਣਨ ਕਾਰਨ ਕਈ ਲੋਕਾਂ ਦੀ ਮੌਤ ਹੋਣ ਦਾ ਖਦਸ਼ਾ ਹੈ ਜਦੋਂ ਕਿ ਕਈ ਸ਼ਰਧਾਲੂ ਦੇ ਜ਼ਖਮੀ ਹੋ ਗਏ।

# ਅਜੈਵੀਰ ਸਿੰਘ ਲਾਲਪੁਰਾ ਵਲੋਂ ਕੇਂਦਰ ਸਰਕਾਰ ਦੀਆਂ ਸਕੀਮਾਂ 'ਚ ਰਜਿਸਟ੍ਰੇਸ਼ਨ ਸੰਬੰਧੀ ਮੁਫ਼ਤ ਸਹਾਇਤਾ ਕੈਂਪ ਲਗਾਇਆ



**ਰੂਪ ਨਗਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਵਲੋਂ ਘਰ-ਘਰ ਤੱਕ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਅਰੰਭੇ 'ਵਿਸ਼ੇਸ਼ ਸਹਾਇਤਾ ਕੈਂਪਾਂ' ਦੀ ਲੜੀ ਤਹਿਤ ਸ਼੍ਰੀ ਬਾਲਮੀਕ ਮੁਹੱਲਾ ਅਤੇ ਬਾਲਮੀਕ ਆਸ਼ਰਮ ਵਿਖੇ ਇੱਕ ਵਿਸ਼ੇਸ਼ ਸਹਾਇਤਾ ਕੈਂਪ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿਚ 5 ਲੱਖ ਦੀ ਬੀਮਾ ਰਾਸ਼ੀ ਵਾਲੇ ਆਯੂਸ਼ਮਾਨ ਕਾਰਡ, ਈ ਸ਼ਰਮ ਕਾਰਡ, ਆਭਾ ਕਾਰਡ ਆਦਿ ਬਣਾਏ ਗਏ ਹਨ। ਇਸ ਮੌਕੇ ਮੰਡਲ ਪ੍ਰਧਾਨ ਜਗਦੀਸ਼ ਕਾਜਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵਲੋਂ ਗ਼ਰੀਬ ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਹਿੱਤ 5 ਲੱਖ ਦੀ ਬੀਮਾ ਰਾਸ਼ੀ ਵਾਲੀ ਆਯੂਸ਼ਮਾਨ ਯੋਜਨਾ ਸ਼ੁਰੂ ਕੀਤੀ ਗਈ ਸੀ, ਜੋ ਲੋਕਾਂ ਲਈ ਮਦਦਗਾਰ ਸਾਬਤ ਹੋ ਰਹੀ ਹੈ। ਉਹਨਾਂ ਨੇ ਕਿਹਾ ਕਿ ਇਸ ਸਕੀਮ ਤੋਂ ਇਲਾਵਾ ਕੇਂਦਰ ਸਰਕਾਰ ਵਲੋਂ ਦਿਹਾੜੀਦਾਰ ਮਜ਼ਦੂਰਾਂ ਦੇ ਵਿਕਾਸ ਲਈ ਈ ਸ਼ਰਮ ਯੋਜਨਾ ਸ਼ੁਰੂ ਕੀਤੀ ਗਈ ਜਿਸ ਦਾ ਲਾਭ ਪਹੁੰਚਾਉਣ ਲਈ ਅੱਜ ਸੈਂਕੜੇ ਲੋੜਵੰਦਾਂ ਦੇ ਕਾਰਡ ਬਣਾਏ ਗਏ ਹਨ। ਉਹਨਾਂ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਮਕਸਦ ਲੋਕਾਂ ਤੱਕ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਪਹੁੰਚਾਉਣਾ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਚਾਹੁੰਦੀ ਕਿ ਪੰਜਾਬ ਦੇ ਲੋਕਾਂ ਨੂੰ ਮੋਦੀ ਸਰਕਾਰ ਦੀ ਸਕੀਮਾਂ ਦਾ ਲਾਭ ਮਿਲੇ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਕਿਸਾਨ ਸਨਮਾਨ ਨਿਧੀ ਯੋਜਨਾ ਮੋਦੀ ਸਰਕਾਰ ਦਾ ਕਿਸਾਨਾਂ ਪ੍ਰਤੀ ਪਿਆਰ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਇਸ ਕੈਂਪ ਵਿਚ ਜਿਨ੍ਹਾਂ ਕਿਸਾਨਾਂ ਦੀ ਕੇਵਾਈਸੀ ਨਾ ਹੋਣ ਕਾਰਨ ਲਾਭ ਰੁਕਿਆ ਹੋਇਆ ਸੀ, ਉਸ ਨੂੰ ਦਰੁਸਤ ਕਰ ਦਿੱਤਾ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਜ਼ਾਰੀ ਕਿਸ਼ਤਾਂ ਦਾ ਲਾਭ ਮਿਲੇਗਾ। ਇਸ ਮੌਕੇ ਕੈਂਪ ਵਿਚ 180 ਦੇ ਕਰੀਬ ਲੋਕਾਂ ਵਲੋਂ ਵੱਖ-ਵੱਖ ਸਕੀਮਾਂ ਦੇ ਕਾਰਡ ਬਣਾਏ ਗਏ। ਇਸ ਮੌਕੇ ਸੁਧੀਰ ਮਲਹੋਤਰਾ, ਅਨਿਲ ਕੁਮਾਰ ਸਿੰਘ, ਰਵੀ ਵਾਲੀਆ, ਰਾਕੇਸ਼ ਵਰਮਾ, ਟੋਨੀ ਵਰਮਾ, ਕ੍ਰਿਸ਼ਨਾ ਵੋਹਰਾ, ਸ਼੍ਰੀਰਾਮ ਵਰਮਾ, ਅਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਪ੍ਰਭਜੋਤ ਕੌਰ, ਸ਼ਿਵਾਂਗੀ ਰਾਵਤ, ਸੰਜੇ ਪ੍ਰਤਾਪ ਜੈਨ, ਤਾਰਾ ਚੰਦ, ਰਿਤਿਕਾ, ਸਪਨਾ ਆਦਿ ਹਾਜ਼ਰ ਸਨ।

## ਪੰਜਾਬੀ 'ਵਰਸਿਟੀ ਵਿੱਚ ਵਾਤਾਵਰਨ ਤੇ ਸਿਨੇਮਾ ਉਤਸਵ ਸ਼ੁਰੂ

# ਵਾਤਾਵਰਨ ਪ੍ਰਤੀ ਦੋਸਤਾਨਾ ਪਹੁੰਚ ਅਪਣਾਉਣ ਲਈ ਜਾਗਰੂਕਤਾ ਪੈਦਾ ਕਰਨ ਦੀ ਲੋੜ: ਪੰਨੂ



ਵਾਤਾਵਰਨ ਤੇ ਸਿਨੇਮਾ ਉਤਸਵ ਦਾ ਉਦਘਾਟਨ ਕਰਦੇ ਹੋਏ ਬਲਤੇਜ ਪੰਨੂ।

**ਪਟਿਆਲਾ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵਿਖੇ ਥੀਏਟਰ ਅਤੇ ਫ਼ਿਲਮ ਨਿਰਮਾਣ ਵਿਭਾਗ ਦੇ ਸਹਿਯੋਗ ਨਾਲ ਪੰਜਾਬ ਸਟੇਟ ਕੌਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ ਵੱਲੋਂ ਕਰਵਾਇਆ ਜਾ ਰਿਹਾ ਤਿੰਨ ਦਿਨਾ ਵਾਤਾਵਰਨ ਅਤੇ ਸਿਨੇਮਾ ਉਤਸਵ ਅੱਜ ਸ਼ੁਰੂ ਹੋ ਗਿਆ ਹੈ। ਇਸ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਮੁੱਖ ਮੰਤਰੀ ਦੇ ਸਾਬਕਾ ਮੀਡੀਆ ਡਾਇਰੈਕਟਰ ਬਲਤੇਜ ਪੰਨੂ ਨੇ ਉਦਘਾਟਨੀ ਭਾਸ਼ਣ 'ਚ ਕਿਹਾ ਕਿ ਵਾਤਾਵਰਨ ਪ੍ਰਤੀ ਦੋਸਤਾਨਾ ਪਹੁੰਚ ਅਪਣਾਏ ਜਾਣ ਸਬੰਧੀ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮਕਸਦ ਲਈ ਚੰਗੀਆਂ ਫ਼ਿਲਮਾਂ ਦੇ ਨਿਰਮਾਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਅੱਜ ਕੱਲ੍ਹ ਚੰਗੇ ਥੀਮ ਵਾਲੀਆਂ ਫ਼ਿਲਮਾਂ ਬਣਾਉਣਾ ਵੀ ਵਿੱਤ ਪੱਖੋਂ ਜੋਖ਼ਮ ਵਾਲੀ ਗੱਲ ਨਹੀਂ ਰਹੀ ਕਿਉਂਕਿ ਪ੍ਰਚੱਲਤ ਓਟੀਟੀ ਦੇ ਮੰਚ ਉੱਤੇ ਹਰ ਤਰ੍ਹਾਂ ਦੀਆਂ ਫ਼ਿਲਮਾਂ ਦੇ ਦਰਸ਼ਕ ਮੌਜੂਦ ਹਨ। ਸਵਾਗਤੀ ਭਾਸ਼ਣ ਦੌਰਾਨ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਕਿਹਾ ਕਿ ਵਾਤਾਵਰਨ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਿਨੇਮਾ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਮਾਧਿਅਮ ਹੈ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਡਾ. ਆਦਰਸ਼ਪਾਲ ਵਿੱਗ ਨੇ ਵਾਤਾਵਰਨ ਪੱਖੀ ਵਿਕਾਸ ਮਾਡਲ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੌਜੀ ਤੋਂ ਕਾਰਜਕਾਰੀ ਨਿਰਦੇਸ਼ਕ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ 1950 ਦੇ ਦਹਾਕੇ ਦੀ ਤੁਲਨਾ ਵਿੱਚ ਹੁਣ ਪੰਜਾਬ ਦਾ ਜਲਵਾਯੂ ਬਹੁਤ ਬਦਲ ਗਿਆ ਹੈ। ਕੌਂਸਲ ਦੇ ਸੰਯੁਕਤ ਨਿਰਦੇਸ਼ਕ ਡਾ. ਕੇਐੱਸ ਬਾਠ ਨੇ ਕੌਂਸਲ ਦੀਆਂ ਗਤੀ ਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ।

# ਪੰਚਾਇਤੀ ਮਾਮਲਿਆਂ 'ਚ ਧਾਂਦਲੀਆਂ ਬਰਦਾਸ਼ਤ ਨਹੀਂ ਕਰਾਂਗੇ: ਪਠਾਣਮਾਜਰਾ



ਸਨੌਰ ਬਲਾਕ ਦੇ ਸਰਪੰਚਾਂ ਨੂੰ ਮਿਲਦੇ ਹੋਏ ਸਨੌਰ ਦੇ ਵਿਧਾਇਕ ਹਰਮੀਤ ਪਠਾਣਮਾਜਰਾ।

**ਸਨੌਰ, 2 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਤੇ ਬਲਾਕ ਸਨੌਰ ਨਾਲ ਸਬੰਧਤ ਨਵੇਂ ਬਣੇ ਸਰਪੰਚਾਂ ਤੇ ਪੰਚਾਂ ਨਾਲ ਹਲਕੇ ਦੇ 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਪਲੇਠੀ ਮੀਟਿੰਗ ਕੀਤੀ। ਸਨੌਰ ਨੇੜੇ ਸਥਿਤ ਇੱਕ ਪੈਲੇਸ ਵਿੱਚ ਹੋਈ ਇਸ ਮੀਟਿੰਗ ਨੂੰ ਸੰਬੋਧਨ ਦੌਰਾਨ ਪਠਾਣਮਾਜਰਾ ਨੇ ਪੰਚਾਇਤਾਂ ਨੂੰ ਪਾਰਟੀਬਾਜ਼ੀ ਤੇ ਧੜੇਬੰਦੀ ਤੋਂ ਉੱਪਰ ਉੱਠਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਬਦਲਾਖੋਰੀ ਦੀ ਭਾਵਨਾ ਨੂੰ ਲਾਂਭੇ ਰੱਖਕੇ ਬਿਨਾ ਕਿਸੇ ਭੇਦਭਾਵ ਤੋਂ ਪਿੰਡਾਂ ਦਾ ਵਿਕਾਸ ਹੀ ਪੰਚਾਇਤਾਂ ਦੀ ਮੁੱਖ ਨਿਸ਼ਾਨਾ ਹੋਣਾ ਚਾਹੀਦਾ ਹੈ।

ਵਿਧਾਇਕ ਨੇ ਪੰਚਾਇਤਾਂ ਨੂੰ ਝਗੜੇ ਪਿੰਡ ਪੱਧਰ 'ਤੇ ਹੀ ਨਿਪਟਾਉਣ ਦੀ ਵੀ ਅਪੀਲ ਕੀਤੀ।


ਉਨ੍ਹਾਂ ਕਿਹਾ ਕਿ ਭਾਵੇਂ ਸਾਰੇ ਤਾਂ ਨਹੀਂ ਪਰ ਅਜਿਹੀ ਨੀਅਤ ਵਾਲ਼ੇ ਕੁਝ ਅਧਿਕਾਰੀਆਂ ਅਤੇ ਕਰਮਚਾਰੀਆਂ ਕਾਰਨ ਪਿੰਡਾਂ ਦਾ ਵਿਕਾਸ ਵੀ ਲੜਖੜਾ ਜਾਂਦਾ ਹੈ। ਕਿਉਂਕਿ ਅਜਿਹੀ ਰਿਸ਼ਵਤ ਦਾ ਪ੍ਰਬੰਧ ਪੰਚਾਇਤਾਂ ਨੂੰ ਫੰਡ ਅਤੇ ਗਰਾਂਟਾਂ ਵਿਚੋਂ ਹੀ ਕਰਨਾ ਪੈਂਦਾ ਹੈ। ਪਰ ਉਹ ਆਪਣੇ ਹਲਕੇ 'ਚ ਅਜਿਹਾ ਵਰਤਾਰਾ ਕਦਾਚਿਤ ਵੀ ਨਹੀਂ ਚੱਲਣ ਦੇਣਗੇ। ਇਸ ਮੌਕੇ ਹਰਜਸ਼ਨ ਸਿੰਘ ਪਠਾਣਮਾਜਰਾ ਨੇ ਖਾਸ ਕਰਕੇ ਨੌਜਵਾਨ ਸਰਪੰਚਾਂ ਪੰਚਾਂ ਨੂੰ ਹੋਰ ਵੀ ਵਧ ਚੜ੍ਹ ਕੇ ਵਿਕਾਸ ਕਾਰਜ ਕਰਨ ਲਈ ਪ੍ਰੇਰਿਆ।

ਇਸ ਮੌਕੇ ਹਰਜਸ਼ਨ ਪਠਾਣਮਾਜਰਾ, ਸੁਖਵਿੰਦਰ ਸਿੰਘ ਸੁੱਖੀ, ਬਲਿਹਾਰ ਸਿੰਘ, ਅਨੰਦਜੋਤ ਸਿੰਘ, ਬਲਜੀਤ ਝੁੰਗੀਆਂ, ਰਾਕੇਸ਼ ਸ਼ਰਮਾ, ਹੈਰੀ ਤਾਜਲਪੁਰ, ਸਮੇਤ ਸਰਪੰਚ ਅਮਰਿੰਦਰ ਰਾਠੀਆਂ, ਫਤਹਿ ਸਿੰਘ, ਬਲਜਿੰਦਰ ਸੰਘੇੜਾ, ਫਤਹਿ ਸਿੰਘ ਘਲੋੜੀ, ਹਰਜੀਤ ਸਿੰਘ ਹਸਨਪੁਰ ਪੋਹਤਾਂ, ਮਨਜਿੰਦਰ ਸਿੰਘ, ਹਰਜੀਤ ਸਿੰਘ, ਰਜਿੰਦਰ ਸਿੰਘ ,ਪਰਮਜੀਤ ਕੌਰ, ਦੀਦਾਰ ਸਿੰਘ, ਸੋਨੀ ਰਾਣੀ ਬੋਸਰ ਕਲਾਂ, ਧਰਮਿੰਦਰ ਰਾਏਪੁਰ ਮੰਡਲਾਂ, ਗੁਰਪ੍ਰੀਤ ਸੁਨਿਆਰ ਹੇੜੀ, ਗੁਰਪ੍ਰੀਤ ਕੌਰ ਜੋਗੀਪੁਰ, ਰਾਮੇਸ਼ਰ ਸਿੰਘ, ਬਲਵਿੰਦਰ ਅਕੌਤ, ਪਰਮਜੀਤ ਕੌਰ ਦੌਣਕਲਾਂ, ਗੁਰਵਿੰਦਰ ਸਿੰਘ ਦੌਣਕਲਾਂ ਖੁਰਦ, ਕੁਲਦੀਪ ਮਿੱਠੂਮਾਜਰਾ ਆਦਿ ਸਰਪੰਚ ਵੀ ਮੌਜੂਦ ਸਨ।

# ਵਿਦਿਆਰਥੀ ਨੂੰ ਦਿੱਤੀ ਸਜਾ, ਤਾਂ ਮਾਸਟਰ ਜੀ 'ਤੇ ਹੋਵੇਗੀ ਕਾਰਵਾਈ

ਏਜੰਸੀਆਂ

ਸ਼ਿਮਲਾ 2 ਫਰਵਰੀ। ਸਕੂਲਾਂ 'ਚ ਵਿਦਿਆਰਥੀਆਂ ਨੂੰ ਸਰੀਰਕ ਸਜਾ ਦੇਣ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ। ਡਾਇਰੈਕਟੋਰੇਟ ਆਫ ਐਲੀਮੈਂਟਰੀ ਐਜੂਕੇਸਨ ਨੇ ਸਿੱਖਿਆ ਦੇ ਅਧਿਕਾਰ (ਆਰ.ਟੀ.ਈ.) ਦਾ ਹਵਾਲਾ ਦਿੰਦੇ ਹੋਏ ਇਸ ਸਬੰਧੀ ਜਿ਼ਲ੍ਹਾ ਸਿੱਖਿਆ ਡਿਪਟੀ



ਡਾਇਰੈਕਟਰਾਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ। ਭਵਿੱਖ ਵਿਚ ਸਰੀਰਕ ਸਜਾ ਦਾ ਕੋਈ ਮਾਮਲਾ ਸਾਹਮਣੇ ਆਉਣ 'ਤੇ ਸਬੰਧਤ ਸਕੂਲ ਇੰਚਾਰਜ ਖਿ਼ਲਾਫ ਕਾਰਵਾਈ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ ਹੈ। ਇਹ ਫੈਸਲਾ ਹਿਮਾਚਲ ਦੇ ਸਕੂਲਾਂ ਲਈ ਲਿਆ ਗਿਆ ਹੈ। ਹਾਲ ਹੀ ਵਿਚ ਕੁਝ ਸਕੂਲਾਂ ਵਿਚ ਸਰੀਰਕ ਸਜਾ ਦਿੱਤੇ ਜਾਣ ਦੇ ਮਾਮਲਿਆਂ 'ਤੇ ਐਲੀਮੈਂਟਰੀ ਐਜੂਕੇਸਨ ਡਾਇਰੈਕਟੋਰੇਟ ਨੇ ਸਖਤ ਨੋਟਿਸ ਲਿਆ ਹੈ। ਐਲੀਮੈਂਟਰੀ ਐਜੂਕੇਸਨ ਦੇ ਡਾਇਰੈਕਟਰ ਆਸੀਸ ਕੋਹਲੀ ਨੇ ਕਿਹਾ ਕਿ ਅਜਿਹਾ ਵਿਵਹਾਰ, ਜਿਸ ਨੂੰ ਵਿਆਪਕ ਤੌਰ 'ਤੇ ਨੁਕਸਾਨਦੇਹ ਅਤੇ ਅਸਵੀਕਾਰਨਯੋਗ ਮੰਨਿਆ ਜਾਂਦਾ ਹੈ। ਇਹ ਨਾ ਸਿਰਫ ਸਿੱਖਿਆ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਕਰਦਾ ਹੈ, ਸਗੋਂ ਬੱਚਿਆਂ ਦੀ ਸੁਰੱਖਿਆ ਲਈ ਬਣਾਏ ਗਏ ਕਾਨੂੰਨੀ ਪ੍ਰਬੰਧਾਂ ਦੇ ਵੀ ਖਿਲਾਫ ਹੈ। ਆਰਟੀਈ ਐਕਟ 2009 ਦੀ ਧਾਰਾ 17 (1) ਅਤੇ (2) ਦੇ ਤਹਿਤ ਸਕੂਲਾਂ 'ਚ ਸਰੀਰਕ ਸਜਾ ਦੀ ਸਪੱਸਟ ਤੌਰ 'ਤੇ ਮਨਾਹੀ ਹੈ। ਇਨ੍ਹਾਂ ਕਾਨੂੰਨੀ ਸੁਰੱਖਿਆਵਾਂ ਦੇ ਬਾਵਜੂਦ ਰਿਪੋਰਟਾਂ ਸਾਹਮਣੇ ਆਈਆਂ ਹਨ ਜੋ ਇਹ ਦਰਸਾਉਂਦੀਆਂ ਹਨ ਕਿ ਕੁਝ ਅਧਿਆਪਕ ਅਜੇ ਵੀ ਸਰੀਰਕ ਸਜਾ ਦਾ ਸਹਾਰਾ ਲੈ ਰਹੇ ਹਨ। ਇਸ ਤਰ੍ਹਾਂ ਉਹ ਵਿਦਿਆਰਥੀਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਖਤਰੇ 'ਚ ਪਾ ਰਹੇ ਹਨ। ਜਿ਼ਲ੍ਹਾ ਸਿੱਖਿਆ ਦੇ ਡਿਪਟੀ ਡਾਇਰੈਕਟਰਾਂ ਨੂੰ ਜਾਰੀ ਚਿੱਠੀ ਵਿਚ ਸਿੱਖਿਆ ਡਾਇਰੈਕਟਰ ਨੇ ਕਿਹਾ ਕਿ ਸਰੀਰਕ ਸਜਾ ਦੇ ਲੰਬੇ ਸਮੇਂ ਦੇ ਨੁਕਸਾਨਦੇਹ ਪ੍ਰਭਾਵ ਹੁੰਦੇ ਹਨ। ਅਧਿਆਪਕ ਆਪਣੇ ਵਿਵਹਾਰ ਨੂੰ ਸੁਧਾਰਨ ਦੀ ਬਜਾਏ ਅਜਿਹੀਆਂ ਕਾਰਵਾਈਆਂ ਅਕਸਰ ਵਿਦਿਆਰਥੀਆਂ ਵਿਚ ਵਿਰੋਧ, ਗੁੱਸਾ, ਸਕਤੀ ਸੰਘਰਸ ਅਤੇ ਬਗਾਵਤ ਨੂੰ ਵਧਾਉਂਦੀਆਂ ਹਨ। ਅਧਿਐਨ ਦਰਸਾਉਂਦੇ ਹਨ ਕਿ ਸਰੀਰਕ ਸਜਾ ਬੱਚੇ ਦੇ ਦਿਮਾਗ ਦੇ ਵਿਕਾਸ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ। ਐਲੀਮੈਂਟਰੀ ਸਿੱਖਿਆ ਦੇ ਡਾਇਰੈਕਟਰ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਮੁੜ ਨਹੀਂ ਹੋਣੀਆਂ ਚਾਹੀਦੀਆਂ। ਇਕ ਸੁਰੱਖਿਅਤ ਅਤੇ ਅਨੁਕੂਲ ਸਿੱਖਣ ਦੇ ਮਾਹੌਲ ਨੂੰ ਬਣਾਈ ਰੱਖਣ ਦੀ ਜਿ਼ੰਮੇਵਾਰੀ ਸੰਸਥਾਵਾਂ ਦੇ ਮੁਖੀਆਂ ਦੀ ਹੈ। ਜੇਕਰ ਸਰੀਰਕ ਸਜਾ ਦੀ ਕੋਈ ਘਟਨਾ ਵਾਪਰਦੀ ਹੈ ਤਾਂ ਸਬੰਧਤ ਸੰਸਥਾ ਦੇ ਮੁਖੀ ਨੂੰ ਸਖਤ ਅਨੁਸਾਸਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

# ਬਜਟ ਤੋਂ ਪਹਿਲਾਂ ਸੋਨੇ ਦੀਆਂ ਕੀਮਤਾਂ ਨੇ ਤੋੜੇ ਸਾਰੇ ਰਿਕਾਰਡ, ਪੰਜਾਬ 'ਚ ਇਤਿਹਾਸਕ ਉੱਚ ਪੱਧਰ 'ਤੇ ਪਹੁੰਚੀ ਕੀਮਤ

ਸਰਦੂਲ ਸਿੰਘ

ਨਵੀਂ ਦਿੱਲੀ 2 ਫਰਵਰੀ। ਰਾਸਟਰੀ ਰਾਜਧਾਨੀ ਦਿੱਲੀ ਦੇ ਸਰਾਫਾ ਬਾਜਾਰ 'ਚ ਵੀਰਵਾਰ ਨੂੰ ਲਗਾਤਾਰ ਦੂਜੇ ਦਿਨ ਸੋਨੇ ਦੀਆਂ ਕੀਮਤਾਂ 'ਚ ਤੇਜੀ ਦੇਖਣ ਨੂੰ ਮਿਲੀ। ਗਲੋਬਲ ਬਾਜਾਰਾਂ 'ਚ ਮਜਬੂਤੀ ਕਾਰਨ ਸੋਨੇ ਦੀ ਕੀਮਤ 85,000 ਰੁਪਏ ਪ੍ਰਤੀ 10 ਗ੍ਰਾਮ ਦੇ ਨਵੇਂ ਰਿਕਾਰਡ ਪੱਧਰ 'ਤੇ ਪਹੁੰਚ ਗਈ। ਇਸ ਦੇ ਨਾਲ ਹੀ ਪੰਜਾਬ ਦੇ ਜਲੰਧਰ ਵਿਚ ਸੋਨੇ ਦੀ ਕੀਮਤ 84,500 ਰੁਪਏ ਦਰਜ ਕੀਤੀ ਗਈ ਹੈ। ਆਲ ਇੰਡੀਆ ਬੁਲੀਅਨ ਐਸੋਸੀਏਸਨ ਮੁਤਾਬਕ 99.9 ਫੀਸਦੀ ਸੁੱਧਤਾ ਵਾਲੇ ਸੋਨੇ ਦੀ ਕੀਮਤ 50 ਰੁਪਏ ਵਧ ਕੇ 83,800 ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਈ, ਜਦੋਂ ਕਿ 99.5 ਫੀਸਦੀ ਸੁੱਧਤਾ ਵਾਲੇ ਸੋਨੇ ਦੀ ਕੀਮਤ 83,400 ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਈ। ਇਸ ਦੇ ਨਾਲ ਹੀ ਚਾਂਦੀ ਦੀ ਕੀਮਤ 'ਚ ਵੀ 1,150 ਰੁਪਏ ਦਾ ਵਾਧਾ ਦੇਖਣ ਨੂੰ ਮਿਲਿਆ ਅਤੇ ਇਹ 94,150 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਪਹੁੰਚ ਗਿਆ। ਟਰੰਪ ਦੇ ਅਮਰੀਕਾ ਦੇ ਰਾਸਟਰਪਤੀ ਬਣਨ ਤੋਂ ਬਾਅਦ ਭੂ-ਵਿਗਿਆਨਕ ਤਣਾਅ ਵਧ ਗਿਆ ਹੈ। ਅਮਰੀਕਾ ਨੇ ਹਾਲ ਹੀ ਵਿੱਚ ਵਿਆਜ ਦਰਾਂ ਵਿੱਚ ਕਟੌਤੀ ਕੀਤੀ ਹੈ ਅਤੇ ਉਹਨਾਂ ਵਿੱਚ ਹੋਰ ਕਟੌਤੀ ਹੋ ਸਕਦੀ ਹੈ। ਡਾਲਰ ਦੇ ਮੁਕਾਬਲੇ ਰੁਪਏ ਦੇ ਕਮਜੋਰ ਹੋਣ ਕਾਰਨ ਸੋਨਾ ਮਹਿੰਗਾ ਹੋ ਰਿਹਾ ਹੈ। ਵਧਦੀ ਮਹਿੰਗਾਈ ਕਾਰਨ ਸੋਨੇ ਦੀ ਕੀਮਤ ਨੂੰ ਵੀ ਸਮਰਥਨ ਮਿਲ ਰਿਹਾ ਹੈ। ਸਟਾਕ ਮਾਰਕੀਟ ਵਿੱਚ ਵਧਦੇ ਉਤਰਾਅ-ਚੜ੍ਹਾਅ ਕਾਰਨ ਲੋਕ ਗੋਲਡ ਈਟੀਐਫ ਵਿੱਚ ਨਿਵੇਸ ਵਧਾ ਰਹੇ ਹਨ। ਪਿਛਲੇ ਸਾਲ ਸੋਨੇ ਦੀ ਕੀਮਤ 20.22% ਵਧੀ ਸੀ।



ਇਸ ਦੇ ਨਾਲ ਹੀ ਚਾਂਦੀ ਦੀ ਕੀਮਤ 'ਚ 17.19 ਫੀਸਦੀ ਦਾ ਵਾਧਾ ਹੋਇਆ ਹੈ। 1 ਜਨਵਰੀ 2024 ਨੂੰ ਸੋਨਾ 63,352 ਰੁਪਏ ਪ੍ਰਤੀ 10 ਗ੍ਰਾਮ ਸੀ, ਜੋ 31 ਦਸੰਬਰ 2024 ਨੂੰ 76,162 ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਿਆ। ਇਸ ਦੌਰਾਨ ਇਕ ਕਿਲੋ ਚਾਂਦੀ ਦੀ ਕੀਮਤ 73,395 ਰੁਪਏ ਪ੍ਰਤੀ ਕਿਲੋ ਤੋਂ ਵਧ ਕੇ 86,017 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈ। ਬਿਊਰੋ ਆਫ ਇੰਡੀਅਨ ਸਟੈਂਡਰਡਜ () ਦੇ ਹਾਲਮਾਰਕ ਵਾਲਾ ਪ੍ਰਮਾਣਿਤ ਸੋਨਾ ਹਮੇਸਾ ਖਰੀਦੋ। ਸੋਨੇ 'ਤੇ 6 ਅੰਕਾਂ ਦਾ ਹਾਲਮਾਰਕ ਕੋਡ ਹੁੰਦਾ ਹੈ। ਇਸ ਨੂੰ ਹਾਲਮਾਰਕ ਯੂਨੀਕ ਆਈਡੈਂਟੀਫਿਕੇਸਨ ਨੰਬਰ ਯਾਨੀ ਕਿਹਾ ਜਾਂਦਾ ਹੈ। ਇਹ ਨੰਬਰ ਅਲਫਾਨਿਊਮੇਰਿਕ ਹੈ ਭਾਵ ਕੁਝ ਇਸ ਤਰ੍ਹਾਂ ਦਾ ਹੈ - 4524। ਹਾਲਮਾਰਕਿੰਗ ਰਾਹੀਂ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਕੋਈ ਵੀ ਸੋਨਾ ਕਿੰਨੇ ਕੈਰੇਟ ਦਾ ਹੈ।

## ਕੇਂਦਰ ਸਰਕਾਰ ਦੇ ਬਜਟ ਨੂੰ ਲੈ ਕੇ ਰਾਜ ਸਭਾ ਮੈਂਬਰ ਵਿਕਰਮਜੀਤ ਸਾਹਨੀ ਦਾ ਵੱਡਾ ਬਿਆਨ

ਚੰਡੀਗੜ੍ਹ/ਜਲੰਧਰ 2 ਫਰਵਰੀ। ਕੇਂਦਰ ਸਰਕਾਰ ਵੱਲੋਂ ਅੱਜ ਪੇਸ਼ ਕੀਤੇ ਗਏ ਬਜਟ ਬਾਰੇ ਬੋਲਦਿਆਂ ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਮੰਗ ਕੀਤੀ ਕਿ ਬਜਟ ਵਿੱਚ ਚਮੜੇ, ਜੁੱਤੀਆਂ ਅਤੇ ਖਿਡੌਣਿਆਂ ਲਈ ਫੋਕਸ ਏਰੀਆ ਦੇ ਨਾਲ-ਨਾਲ ਲੁਧਿਆਣਾ ਅਤੇ ਜਲੰਧਰ ਉਦਯੋਗਾਂ ਲਈ ਸਾਈਕਲਾਂ, ਹੌਜਰੀ, ਟੈਕਸਟਾਈਲ ਅਤੇ ਖੇਡਾਂ ਦੇ ਸਮਾਨ ਲਈ ਫੋਕਸ ਏਰੀਆ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਡਾ. ਸਾਹਨੀ ਨੇ ਅੱਗੇ ਮੰਗ ਕੀਤੀ ਕਿ ਪੰਜਾਬ ਦੇ ਲੈਂਡਲਾਕਡ ਸੁਭਾਅ ਕਾਰਨ ਹਵਾਈ ਕਾਰਗੋ ਸਹੂਲਤਾਂ ਦੇ ਅਪਗ੍ਰੇਡੇਸਨ ਵਿੱਚ ਮੋਹਾਲੀ ਅਤੇ ਅੰਮ੍ਰਿਤਸਰ ਹਵਾਈ ਅੱਡੇ ਸਾਮਲ ਕੀਤੇ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਹਵਾਈ ਅੱਡਿਆਂ ਤੋਂ ਕਾਰਗੋ ਉਡਾਣਾਂ ਤੁਰੰਤ ਸੁਰੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਡਾ. ਸਾਹਨੀ ਨੇ ਅੱਗੇ ਕਿਹਾ ਕਿ ਸਰਕਾਰ ਵੱਲੋਂ ਦਾਲਾਂ ਅਤੇ ਤੇਲ ਬੀਜਾਂ ਲਈ 100% ਖਰੀਦ ਗਰੰਟੀ ਇੱਕ ਸਵਾਗਤਯੋਗ ਕਦਮ ਹੈ, ਪਰ ਸਰਕਾਰ ਨੂੰ ਮੱਕੀ, ਬਾਜਰਾ ਆਦਿ ਵਰਗੀਆਂ ਹੋਰ ਐੱਮ. ਐੱਸ. ਪੀ. ਐਲਾਨੀਆਂ ਫਸਲਾਂ ਦੀ ਵੀ ਲੋੜੀਂਦੀ ਮਾਤਰਾ ਵਿੱਚ ਖਰੀਦ ਕਰਨੀ ਚਾਹੀਦੀ ਹੈ।

## ਪ੍ਰਯਾਗਰਾਜ ਰੇਲਵੇ ਡਿਵੀਜਨ ਨੇ ਰਿਕਾਰਡ ਗਿਣਤੀ 'ਚ ਚਲਾਈਆਂ ਮੇਲਾ ਵਿਸ਼ੇਸ਼ ਟ੍ਰੇਨਾਂ

ਮਹਾਕੁੰਭ ਨਗਰ 2 ਫਰਵਰੀ। ਮਹਾਂਕੁੰਭ ਦੇ ਸਭ ਤੋਂ ਵੱਡੇ ਅੰਮ੍ਰਿਤ ਇਸਨਾਨ ਤਿਉਹਾਰ ਮੌਕੇ ਅੱਠ ਕਰੋੜ ਤੋਂ ਵੱਧ ਸਰਧਾਲੂਆਂ ਨੇ ਪਵਿੱਤਰ ਤ੍ਰਿਵੇਣੀ ਵਿੱਚ ਇਸਨਾਨ ਕੀਤਾ। ਪ੍ਰਯਾਗਰਾਜ ਰੇਲਵੇ ਡਿਵੀਜਨ ਨੇ ਸਰਧਾਲੂਆਂ ਦੀ ਸੁਰੱਖਿਅਤ ਅਤੇ ਸੁਚਾਰੂ ਆਵਾਜਾਈ ਲਈ ਬੁੱਧਵਾਰ ਨੂੰ ਰਿਕਾਰਡ 222 ਮੇਲਾ ਵਿਸੇਸ ਰੇਲਗੱਡੀਆਂ ਦੇ ਨਾਲ 360 ਤੋਂ ਵੱਧ ਰੇਲਗੱਡੀਆਂ ਚਲਾਈਆਂ। ਪ੍ਰਯਾਗਰਾਜ ਰੇਲਵੇ ਦੇ ਸਾਰੇ ਸਟੇਸਨਾਂ ਤੋਂ ਮੇਲੇ ਦੀਆਂ ਵਿਸੇਸ ਰੇਲਗੱਡੀਆਂ ਦਿਨ ਭਰ ਚੱਲਦੀਆਂ ਰਹੀਆਂ। ਪ੍ਰਯਾਗਰਾਜ ਰੇਲਵੇ ਡਿਵੀਜਨ ਅਤੇ ਸਹਿਰ ਦੇ ਹੋਰ ਰੇਲਵੇ ਸਟੇਸਨਾਂ 'ਤੇ ਆਸਾਨ ਟਿਕਟ ਵੰਡ ਦੇ ਨਾਲ-ਨਾਲ ਆਸਰਾ ਅਤੇ ਹੋਲਡਿੰਗ ਏਰੀਆ ਦੇ ਪ੍ਰਬੰਧ ਵੀ ਕੀਤੇ ਗਏ ਸਨ। ਸਰਧਾਲੂਆਂ ਦੇ ਸੁਰੱਖਿਅਤ ਪ੍ਰਵੇਸ ਅਤੇ ਨਿਕਾਸ ਲਈ ਜੀਆਰਪੀ ਅਤੇ ਸਿਵਲ ਪੁਲਸ ਦੀ ਸਾਂਝੀ ਕਾਰਜ ਯੋਜਨਾ ਅਨੁਸਾਰ ਕੰਮ ਕੀਤਾ ਗਿਆ। ਇਸ ਤੋਂ ਇਲਾਵਾ ਕਰੋੜਾਂ ਦੀ ਗਿਣਤੀ ਵਿਚ ਸਰਧਾਲੂਆਂ ਨੂੰ ਉਨ੍ਹਾਂ ਦੇ ਮੰਜਿ਼ਲ ਸਟੇਸਨਾਂ 'ਤੇ ਸੁਰੱਖਿਅਤ ਢੰਗ ਨਾਲ ਪਹੁੰਚਾਉਣ ਲਈ ਪ੍ਰਯਾਗਰਾਜ ਰੇਲਵੇ ਡਿਵੀਜਨ ਨੇ ਰਿਕਾਰਡ 222 ਮੇਲਾ ਵਿਸੇਸ ਰੇਲਗੱਡੀਆਂ ਚਲਾਈਆਂ। ਰੇਲਵੇ ਪ੍ਰਸਾਸਨ ਨੇ ਕਿਹਾ



ਕਿ ਨਿਯਮਤ ਰੇਲਗੱਡੀਆਂ ਦੇ ਨਾਲ-ਨਾਲ, ਸਹਿਰ ਦੇ ਸਾਰੇ ਸਟੇਸਨਾਂ ਤੋਂ 360 ਤੋਂ ਵੱਧ ਰੇਲਗੱਡੀਆਂ ਚਲਾਈਆਂ ਗਈਆਂ। ਪ੍ਰਯਾਗਰਾਜ ਰੇਲਵੇ ਪ੍ਰਸਾਸਨ ਨੇ ਦੱਸਿਆ ਕਿ ਮਹਾਂਕੁੰਭ ਵਿੱਚ ਮੌਨੀ ਅਮਾਵਸਿਆ ਦੇ ਮੌਕੇ ਐਨਸੀਆਰ ਦੇ ਪ੍ਰਯਾਗਰਾਜ ਜੰਕਸਨ ਤੋਂ 104, ਚਿਵਕੀ ਤੋਂ 23, ਨੈਨੀ ਤੋਂ 17 ਅਤੇ ਸੂਬੇਦਾਰਗੰਜ ਰੇਲਵੇ ਸਟੇਸਨ ਤੋਂ 13 ਮੇਲਾ ਵਿਸੇਸ ਰੇਲਗੱਡੀਆਂ ਚਲਾਈਆਂ ਗਈਆਂ। ਪ੍ਰਯਾਗਰਾਜ ਖੇਤਰ ਵਿੱਚ 23 ਵਿਸੇਸ ਰੇਲਗੱਡੀਆਂ ਦੇ ਪ੍ਰਯਾਗ ਸਟੇਸਨ ਤੋਂ, 05 ਫਾਫਾਮੌ ਸਟੇਸਨ ਤੋਂ ਅਤੇ 09 ਉੱਤਰ ਪੂਰਬੀ ਰੇਲਵੇ ਦੇ ਰਾਮਬਾਗ ਸਟੇਸਨ ਤੋਂ ਅਤੇ 28 ਝੂੰਸੀ ਸਟੇਸਨ ਤੋਂ ਚਲਾਈਆਂ ਗਈਆਂ। ਸਹਿਰ ਦੇ ਐਨਸੀਆਰ ਸਟੇਸਨਾਂ ਤੋਂ 05 ਵਧੀਆਂ ਰੇਲਗੱਡੀਆਂ, 05 ਰਿੰਗਰੇਲ, 03 ਲੰਬੀ ਦੂਰੀ ਦੀਆਂ ਰੇਲਗੱਡੀਆਂ ਅਤੇ 69 ਗੈਰ-ਸਮਾਂਬੱਧ ਰੇਲਗੱਡੀਆਂ ਚਲਾਈਆਂ ਗਈਆਂ। ਰੇਲਵੇ ਪ੍ਰਸਾਸਨ ਨੇ ਕਿਹਾ ਕਿ ਜਿਵੇਂ ਹੀ ਸਵੇਰੇ 8 ਵਜੇ ਦੇ ਕਰੀਬ ਸਰਧਾਲੂਆਂ ਦੀ ਗਿਣਤੀ ਵਧਣੀ ਸੁਰੂ ਹੋਈ, ਖੁਸਰੋਬਾਗ ਵਿਖੇ ਹੋਲਡਿੰਗ ਪੁਆਇੰਟ ਨੂੰ ਚਾਲੂ ਕਰ ਦਿੱਤਾ ਗਿਆ।

## ਮੇਅਰ ਨੇ ਕੰਪਨੀ ਬਾਗ ਦੀ ਬੇਸਮੈਂਟ ਪਾਰਕਿੰਗ ਨੂੰ ਖੁੱਲ੍ਹਵਾਇਆ

ਜਲੰਧਰ 2 ਫਰਵਰੀ। ਪਿਛਲੇ ਸਮੇਂ ਦੌਰਾਨ ਨਗਰ ਨਿਗਮ ਸ਼ਹਿਰ ਵਿਚ ਲਗਭਗ 2 ਦਰਜਨ ਪਾਰਕਿੰਗ ਸਲਾਟ ਦੀ ਨਿਲਾਮੀ ਤੋਂ ਲੱਖਾਂ-ਕਰੋੜਾਂ ਰੁਪਏ ਕਮਾਉਂਦਾ ਆਇਆ ਹੈ ਪਰ ਕਾਫੀ ਦੇਰ ਤੋਂ ਨਿਗਮ ਇਨ੍ਹਾਂ ਸਥਾਨਾਂ ਦੀ ਨਿਲਾਮੀ ਨੂੰ ਵੀ ਸਫਲ ਤਰੀਕੇ ਨਾਲ ਨਹੀਂ ਕਰ ਸਕਿਆ। ਪਿਛਲੇ ਕੁਝ ਸਾਲਾਂ ਤੋਂ ਨਿਗਮ ਸਿਰਫ 2-4 ਸਲਾਟ ਨਿਲਾਮ ਕਰਕੇ ਹੀ ਕਮਾਈ ਕਰ ਰਿਹਾ ਸੀ ਅਤੇ ਕਈ ਸਥਾਨਾਂ 'ਤੇ ਤਾਂ ਨਾਜਾਇਜ ਵਸੂਲੀ ਤਕ ਹੋ ਰਹੀ ਸੀ। ਨਗਰ ਨਿਗਮ ਕੋਲ ਸ਼ਹਿਰ ਵਿਚ ਆਪਣੀਆਂ 3 ਅੰਡਰਗਰਾਊਂਡ ਪਾਰਕਿੰਗਾਂ ਹਨ ਪਰ ਉਨ੍ਹਾਂ ਵਿਚੋਂ ਇਕ ਤੋਂ ਵੀ ਨਿਗਮ ਕਮਾਈ ਨਹੀਂ ਕਰ ਰਿਹਾ ਅਤੇ ਤਿੰਨਾਂ ਦੇ ਟੈਂਡਰ ਲੱਗਣ ਵਿਚ ਕੋਈ ਨਾ ਕੋਈ ਰੁਕਾਵਟ ਆ ਰਹੀ ਹੈ। ਇਸ ਲਾਪ੍ਰਵਾਹੀ ਲਈ ਵੀ ਨਿਗਮ ਦੇ ਕਿਸੇ ਅਧਿਕਾਰੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਰਿਹਾ। ਕੰਪਨੀ ਬਾਗ ਵਿਚ ਬਣੀ ਅੰਡਰਗਰਾਊਂਡ ਪਾਰਕਿੰਗ ਦਾ ਟੈਂਡਰ ਖਤਮ ਹੋਏ ਵੀ 4-5 ਮਹੀਨੇ ਬੀਤ ਚੁੱਕੇ ਹਨ ਪਰ ਨਵਾਂ ਟੈਂਡਰ ਨਹੀਂ ਲਗਾਇਆ ਜਾ ਰਿਹਾ। ਕੁਝ ਮਹੀਨੇ ਤਾਂ ਨਿਗਮ ਸਟਾਫ ਨੇ ਇਸ ਪਾਰਕਿੰਗ ਨੂੰ ਚਲਾਇਆ ਪਰ ਕੁਝ ਹਫਤੇ ਤੋਂ ਇਹ ਪਾਰਕਿੰਗ ਵੀ ਬੰਦ ਕਰ ਦਿੱਤੀ ਗਈ, ਜਿਸ ਕਾਰਨ ਲੋਕ ਕਾਫੀ ਪ੍ਰੇਸ਼ਾਨ ਹੋਏ। ਹੁਣ ਇਸ ਸਬੰਧੀ ਸ਼ਿਕਾਇਤ ਮੇਅਰ ਤਕ ਪਹੁੰਚੀ ਤਾਂ ਉਨ੍ਹਾਂ ਨੇ ਦਖਲ ਦੇ ਕੇ ਕੰਪਨੀ ਬਾਗ ਵਾਲੀ ਪਾਰਕਿੰਗ ਨੂੰ ਖੁੱਲ੍ਹਵਾ ਦਿੱਤਾ।


# ਮੱਧ ਪ੍ਰਦੇਸ਼ ਦੇ ਸਾਬਕਾ ਉਪ ਮੁੱਖ ਮੰਤਰੀ ਦੇ ਬੇਟੇ, ਨੂੰਹ ਤੇ ਪੋਤੀ ਦੇ ਕਤਲ ਦੇ ਦੋਸ਼ 'ਚ 5 ਨੂੰ ਉਮਰ ਕੈਦ

ਕਿਸ਼ਨ ਪਾਲ

ਕੋਰਬਾ 2 ਫਰਵਰੀ। ਛੱਤੀਸਗੜ੍ਹ ਦੇ ਕੋਰਬਾ ਜਿ਼ਲ੍ਹੇ ਦੀ ਇਕ ਅਦਾਲਤ ਨੇ ਅਣਵੰਡੇ ਮੱਧ ਪ੍ਰਦੇਸ ਦੇ ਸਾਬਕਾ ਉਪ ਮੁੱਖ ਮੰਤਰੀ ਸਵਰਗੀ ਪਿਆਰੇ ਲਾਲ ਕੰਵਰ ਦੇ ਪੁੱਤਰ, ਨੂੰਹ, 4 ਸਾਲਾ ਪੋਤੀ ਦੇ ਕਤਲ ਦੇ ਦੋਸ ਵਿਚ ਕੰਵਰ ਦੇ ਵੱਡੇ ਬੇਟੇ, ਉਸ ਦੀ ਪਤਨੀ, ਉਸ ਦੇ 2 ਸਾਲੇ ਅਤੇ ਸਾਲੇ ਦੇ ਇਕ ਦੋਸਤ ਨੂੰ ਉਮਰ ਕੈਦ ਦੀ ਸਜਾ ਸੁਣਾਈ ਹੈ। ਇਸ ਮਾਮਲੇ ਦੇ ਸਬੰਧ ਵਿਚ ਜਿ਼ਲ੍ਹਾ ਤੇ ਸੈਸਨ ਅਦਾਲਤ ਕੋਰਬਾ ਦੇ ਵਧੀਕ ਸਰਕਾਰੀ ਵਕੀਲ ਕ੍ਰਿਸਨ ਕੁਮਾਰ ਦਿਵੇਦੀ ਨੇ ਕਿਹਾ ਕਿ ਉਰਗਾ ਥਾਣਾ ਖੇਤਰ ਦੇ ਅਧੀਨ ਆਉਂਦੇ ਭੈਸਮਾ ਪਿੰਡ ਵਿੱਚ ਹਰੀਸ, ਹਰੀਸ ਦੀ ਪਤਨੀ ਸੁਮਿਤਰਾ ਅਤੇ ਧੀ ਯਸਿ਼ਕਾ ਦਾ ਕਤਲ 21 ਅਪ੍ਰੈਲ, 2021 ਨੂੰ ਸਵੇਰੇ 4 ਵਜੇ ਦੇ ਕਰੀਬ ਕੀਤਾ ਗਿਆ ਸੀ। ਕਾਤਲਾਂ ਨੇ ਤਿੰਨਾਂ ਦੇ ਚਿਹਰੇ, ਸਿਰ, ਗਰਦਨ, ਮੂੰਹ, ਨੱਕ, ਕੰਨ ਅਤੇ ਲੱਤਾਂ 'ਤੇ ਤੇਜਧਾਰ ਹਥਿਆਰ ਨਾਲ ਕਈ ਵਾਰ ਹਮਲਾ ਕੀਤਾ ਸੀ। ਉਨ੍ਹਾਂ ਕਿਹਾ ਕਿ ਜਦੋਂ ਪੁਲਸ ਨੇ ਇਸ ਮਾਮਲੇ ਦੀ ਜਾਂਚ ਕਰਨੀ ਸੁਰੂ ਕੀਤੀ ਤਾਂ ਘਰ ਵਿੱਚ ਮੌਜੂਦ ਲੋਕਾਂ ਦੇ ਮੋਬਾਈਲ ਫੋਨ ਵੀ ਚੈੱਕ ਕੀਤੇ ਗਏ। ਇਸ ਦੌਰਾਨ ਪੁਲਸ ਨੂੰ ਹਰਭਜਨ ਵੱਲੋਂ ਪਰਮੇਸਵਰ ਨੂੰ ਭੇਜਿਆ ਮੈਸੇਜ ਮਿਲਿਆ, ਜਿਸ ਦੇ ਆਧਾਰ 'ਤੇ ਪੁਲਸ ਨੇ ਹਰਭਜਨ ਅਤੇ ਉਸਦੇ ਪਰਿਵਾਰਕ ਮੈਂਬਰਾਂ ਤੋਂ ਪੁੱਛਗਿੱਛ ਕੀਤੀ। ਬਾਅਦ ਵਿੱਚ ਹਰਭਜਨ ਨੇ ਦੱਸਿਆ ਕਿ ਉਸਨੇ ਪਰਿਵਾਰਕ ਝਗੜੇ ਕਾਰਨ ਪਰਿਵਾਰਕ ਮੈਂਬਰਾਂ ਨਾਲ ਮਿਲ ਕੇ ਹਰੀਸ ਅਤੇ ਉਸਦੇ ਪਰਿਵਾਰ ਦਾ ਕਤਲ ਕਰ ਦਿੱਤਾ। ਪੁਲਸ ਨੇ ਕਤਲ ਵਿੱਚ ਸਾਮਲ ਹੋਰ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਕਤਲ ਵਿੱਚ ਵਰਤੇ ਹਥਿਆਰ ਬਰਾਮਦ ਕੀਤੇ। ਦਿਵੇਦੀ ਨੇ ਕਿਹਾ ਕਿ ਪੁਲਸ ਦੇ ਅਨੁਸਾਰ ਹਰੀਸ ਅਤੇ ਉਸਦੇ ਪਰਿਵਾਰ ਦੇ ਕਤਲ ਦੀ ਸਾਜਿ਼ਸ ਪਹਿਲਾਂ ਤੋਂ ਹੀ ਰਚੀ ਗਈ ਸੀ। ਕਤਲ ਤੋਂ ਕੁਝ ਸਮਾਂ ਪਹਿਲਾਂ ਹਰੀਸ ਦਾ ਵੱਡਾ ਭਰਾ ਹਰਭਜਨ ਆਪਣੀ ਪਤਨੀ ਧਨਕੁੰਵਰ ਅਤੇ ਧੀ ਨਾਲ ਸਵੇਰ ਦੀ ਸੈਰ ਲਈ ਬਾਹਰ ਗਿਆ ਸੀ ਅਤੇ ਘਰ ਦਾ ਦਰਵਾਜਾ ਖੁੱਲ੍ਹਾ ਛੱਡ ਗਿਆ। ਉਹਨਾਂ ਦੱਸਿਆ ਕਿ ਇਸ ਦੌਰਾਨ ਹਰੀਸ ਆਪਣੇ ਪਰਿਵਾਰ ਨਾਲ ਕਮਰੇ ਵਿੱਚ ਸੌਂ ਰਿਹਾ ਸੀ। ਕੁਝ ਸਮੇਂ ਬਾਅਦ ਦੋਸੀ ਪਰਮੇਸਵਰ ਆਪਣੇ ਭਰਾ ਸੁਰੇਂਦਰ ਅਤੇ ਦੋਸਤ ਰਾਮਪ੍ਰਸਾਦ ਮੰਨੇਵਰ ਨਾਲ ਉੱਥੇ ਪਹੁੰਚੇ ਅਤੇ ਹਰੀਸ, ਸੁਮਿਤਰਾ ਅਤੇ ਯਸਿ਼ਕਾ ਨੂੰ ਤੇਜਧਾਰ ਹਥਿਆਰਾਂ ਨਾਲ ਮਾਰਨ ਤੋਂ ਬਾਅਦ ਫਰਾਰ ਹੋ ਗਏ। ਵਕੀਲ ਨੇ ਕਿਹਾ ਕਿ ਦੋ ਭਰਾਵਾਂ ਵਿਚਕਾਰ ਪਰਿਵਾਰਕ ਝਗੜਾ ਅਤੇ ਜਾਇਦਾਦ ਦਾ ਵਿਵਾਦ ਇਸ ਘਟਨਾ ਦੇ ਮੁੱਖ ਕਾਰਨ ਸਨ। ਉਨ੍ਹਾਂ ਕਿਹਾ ਕਿ ਦੋਸੀਆਂ ਨੂੰ ਸਜਾ ਦਿਵਾਉਣ ਵਿੱਚ ਹਰੀਸ ਅਤੇ ਹਰਭਜਨ ਦੀ ਮਾਂ ਜਾਨਕੀ ਬਾਈ ਕੰਵਰ ਦੀ ਗਵਾਹੀ ਬਹੁਤ ਮਹੱਤਵਪੂਰਨ ਸੀ। ਘਟਨਾ ਸਮੇਂ ਜਾਨਕੀ ਬਾਈ ਘਰ ਵਿੱਚ ਮੌਜੂਦ ਸੀ ਅਤੇ ਕਾਤਲਾਂ ਨੇ ਜਾਨਕੀ ਨੂੰ ਨਹੀਂ ਮਾਰਿਆ। ਅਪਰਾਧ ਕਰਦੇ ਸਮੇਂ, ਕਾਤਲਾਂ ਨੇ ਜਾਨਕੀ ਬਾਈ ਦਾ ਗਲਾ ਘੁੱਟ ਕੇ ਉਸਨੂੰ ਡਰਾਉਣ ਦੀ ਕੋਸਿ਼ਸ ਕੀਤੀ ਅਤੇ ਬੇਹੋਸ ਹੋਣ ਤੋਂ ਬਾਅਦ ਉਸਨੂੰ ਛੱਡ ਦਿੱਤਾ। ਜਦੋਂ ਹਮਲਾਵਰ ਹਰੀਸ ਅਤੇ ਉਸਦੇ ਪਰਿਵਾਰ 'ਤੇ ਹਮਲਾ ਕਰ ਰਹੇ ਸਨ, ਜਾਨਕੀ ਬਾਈ ਨੇ ਹਰਭਜਨ ਦੀ ਪਤਨੀ ਦੇ ਭਰਾ ਪਰਮੇਸਵਰ ਕੰਵਰ ਨੂੰ ਪਛਾਣ ਲਿਆ।

## ਹਰਿਆਣਾ ਦੇ ਮੌਸਮ ਨੇ ਚਿੰਤਾ 'ਚ ਪਾਏ ਕਿਸਾਨ, ਕਣਕ ਦੀ ਫਸਲ ਨੂੰ ਹੋ ਸਕਦੈ ਨੁਕਸਾਨ

ਅੰਬਾਲਾ 2 ਫਰਵਰੀ। ਅੰਬਾਲਾ ਵਿੱਚ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਤੇਜ ਧੁੱਪ ਕਾਰਨ ਤਾਪਮਾਨ ਵੱਧ ਰਿਹਾ ਸੀ, ਜਿਸ ਕਾਰਨ ਕਿਸਾਨਾਂ ਦੀਆਂ ਚਿੰਤਾਵਾਂ ਵਧ ਗਈਆਂ ਸਨ। ਅੱਜ ਇੱਕ ਵਾਰ ਫਿਰ ਮੌਸਮ ਬਦਲ ਗਿਆ ਅਤੇ ਰਾਤ ਨੂੰ ਮੌਸਮ ਸਾਫ ਹੋਣ ਤੋਂ ਬਾਅਦ ਸਵੇਰੇ ਅਚਾਨਕ ਧੁੰਦ ਪੈ ਗਈ। ਧੁੰਦ ਨੇ ਕਿਸਾਨਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਂਦੀ। ਜਿੱਥੇ ਧੁੰਦ ਕਾਰਨ ਰਾਤ ਦੇ ਸਮੇਂ ਠੰਡ ਵੱਧ ਗਈ, ਉੱਥੇ ਫਸਲਾਂ ਨੂੰ ਵੀ ਠੰਡ ਨਾਲ ਫਾਇਦਾ ਹੋਵੇਗਾ। ਕਿਸਾਨਾਂ ਦਾ ਕਹਿਣਾ ਹੈ ਕਿ ਮੌਸਮ ਨੂੰ ਕੁਝ ਹੋਰ ਦਿਨ ਠੰਡਾ ਰਹਿਣ ਦੀ ਲੋੜ ਹੈ, ਜਿਸ ਨਾਲ ਕਣਕ ਦੀ ਫਸਲ ਨੂੰ ਫਾਇਦਾ ਹੋਵੇਗਾ। ਇਸ ਵਾਰ ਜਨਵਰੀ ਦੇ



ਮਹੀਨੇ ਵਿੱਚ ਮੌਸਮ ਨੇ ਅਜਿਹੀ ਕਰਵਟ ਲੈ ਲਈ ਕਿ ਦਿਨ ਦਾ ਤਾਪਮਾਨ ਅਚਾਨਕ ਵੱਧ ਗਿਆ, ਜਿਸ ਕਾਰਨ ਗਰਮੀ ਵੱਧ ਗਈ ਹੈ। ਇਸ ਬਦਲਦੇ ਮੌਸਮ ਦਾ ਸਭ ਤੋਂ ਵੱਧ ਅਸਰ ਕਿਸਾਨਾਂ 'ਤੇ ਪੈ ਰਿਹਾ ਹੈ, ਕਿਉਂਕਿ ਇਸ ਸਮੇਂ ਕਣਕ ਦੀ ਫਸਲ ਖੇਤਾਂ ਵਿੱਚ ਖੜ੍ਹੀ ਹੈ। ਸਰ੍ਹੋਂ ਅਤੇ ਆਲੂ ਵੀ ਹਨ। ਜੇਕਰ ਮੌਸਮ ਵਿਚ ਇਸੇ ਤਰ੍ਹਾਂ ਉਤਰਾਅ-ਚੜ੍ਹਾਅ ਆਉਂਦਾ ਰਿਹਾ ਤਾਂ ਕਿਸਾਨਾਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਸਕਦਾ ਹੈ। ਅੰਬਾਲਾ ਦੇ ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਦੇ ਖੇਤਾਂ ਵਿੱਚ ਕਣਕ ਦੀ ਫਸਲ ਅਜੇ ਵੀ ਖੜ੍ਹੀ ਹੈ, ਜਿਸ ਨੂੰ ਘੱਟੋ ਘੱਟ ਫਰਵਰੀ ਮਹੀਨੇ ਤੱਕ ਠੰਡੇ ਮੌਸਮ ਦੀ ਲੋੜ ਹੈ। ਇਸ ਦੌਰਾਨ ਜੇਕਰ ਮੌਸਮ ਗਰਮ ਹੁੰਦਾ ਹੈ ਤਾਂ ਕਣਕ ਦੀ ਫਸਲ ਘੱਟ ਝਾੜ ਦੇਵੇਗੀ, ਜਿਸ ਨਾਲ ਉਨ੍ਹਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਇਸ ਵੇਲੇ ਸਰ੍ਹੋਂ ਵੀ ਖੇਤਾਂ ਵਿੱਚ ਖੜ੍ਹੀ ਹੈ ਪਰ ਇਸ ਦਾ ਜਿ਼ਆਦਾ ਨੁਕਸਾਨ ਨਹੀਂ ਹੋਵੇਗਾ। ਜੇਕਰ ਮੀਂਹ ਪੈਂਦਾ ਹੈ ਅਤੇ ਭਾਰੀ ਮੀਂਹ ਪੈਂਦਾ ਹੈ, ਤਾਂ ਵੀ ਇਨ੍ਹਾਂ ਫਸਲਾਂ ਦਾ ਭਾਰੀ ਨੁਕਸਾਨ ਹੋ ਸਕਦਾ ਹੈ। ਉਹ ਕਹਿੰਦਾ ਹੈ ਕਿ ਘੱਟੋ-ਘੱਟ ਡੇਢ ਮਹੀਨਾ ਠੰਡਾ ਮੌਸਮ ਚਾਹੀਦਾ ਹੈ, ਜਿਸ ਨਾਲ ਫਸਲ ਨੂੰ ਫਾਇਦਾ ਹੋਵੇਗਾ।

## ਕੈਨੇਡੀਅਨ ਕਮਿਸ਼ਨ ਦੀ ਰਿਪੋਰਟ ਨੇ ਖੋਲ੍ਹੀ ਟਰੂਡੋ ਦੀ ਪੋਲ, ਨਹੀਂ ਮਿਲਿਆ ਨਿੱਝਰ ਦੇ ਕਤਲ ਤੇ ਭਾਰਤ ਵਿਚਾਲੇ ਸਬੰਧ

ਓਟਾਵਾ 2 ਫਰਵਰੀ। ਕੈਨੇਡੀਅਨ ਕਮਿਸਨ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਸਾਬਿਤ ਨਹੀਂ ਹੋਇਆ ਹੈ ਕਿ ਕੈਨੇਡੀਅਨ ਸਿੱਖ ਕਾਰਕੁੰਨ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਕਿਸੇ ਹੋਰ ਦੇਸ ਨਾਲ ਕੋਈ ਠੋਸ ਸਬੰਧ ਹੈ। ਇਸ ਰਿਪੋਰਟ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਉਨ੍ਹਾਂ ਦੋਸਾਂ ਨੂੰ ਦਰਕਿਨਾਰ ਕਰ ਦਿੱਤਾ ਹੈ, ਜਿਨ੍ਹਾਂ 'ਚ ਉਨ੍ਹਾਂ ਨੇ ਨਿੱਝਰ ਦੇ ਕਤਲ 'ਚ ਭਾਰਤੀ ਏਜੰਟਾਂ ਦੀ ਸਮੂਲੀਅਤ ਦਾ ਦੋਸ ਲਾਇਆ ਸੀ। ਦਰਅਸਲ ਸਤੰਬਰ 2023 'ਚ ਟਰੂਡੋ ਨੇ ਕਿਹਾ ਸੀ ਕਿ ਕੈਨੇਡਾ ਕੋਲ ਪੱਕੇ ਸਬੂਤ ਹਨ ਕਿ ਜੂਨ 2023 'ਚ ਬ੍ਰਿਟਿਸ ਕੋਲੰਬੀਆ 'ਚ ਨਿੱਝਰ ਦੇ ਕਤਲ 'ਚ ਭਾਰਤ ਸਰਕਾਰ ਦੇ ਏਜੰਟ ਸਾਮਲ ਸਨ। 'ਫੈੱਡਰਲ ਚੋਣ ਪ੍ਰਕਿਰਿਆਵਾਂ ਤੇ ਜਮਹੂਰੀ ਸੰਸਥਾਵਾਂ ਵਿਚ ਵਿਦੇਸੀ ਦਖਲਅੰਦਾਜੀ ਦੀ ਜਨਤਕ ਜਾਂਚ ਰਿਪੋਰਟ ਮੰਗਲਵਾਰ ਨੂੰ ਜਾਰੀ ਕੀਤੀ ਗਈ। ਰਿਪੋਰਟ 'ਚ ਕਮਿਸਨਰ ਮੈਰੀ-ਜੋਸੇ ਹਾਗ ਨੇ ਕਿਹਾ ਕਿ ਦੇਸ ਦੇ ਹਿੱਤਾਂ ਦੇ ਉਲਟ ਫੈਸਲੇ ਲੈਣ ਵਾਲਿਆਂ ਨੂੰ ਸਜਾ ਦੇਣ ਲਈ ਗਲਤ ਜਾਣਕਾਰੀ ਦੀ ਵਰਤੋਂ ਬਦਲੇ ਦੀ ਰਣਨੀਤੀ ਵਜੋਂ ਕੀਤੀ ਜਾਂਦੀ ਹੈ।' ਇਸ 123 ਪੰਨਿਆਂ ਦੀ ਰਿਪੋਰਟ ਵਿੱਚ 6 ਭਾਰਤੀ ਡਿਪਲੋਮੈਟਾਂ ਨੂੰ ਕੱਢਣ ਦਾ ਵੀ ਜਿ਼ਕਰ ਹੈ। ਇਸ ਵਿੱਚ ਕਿਹਾ ਗਿਆ ਹੈ, "ਅਕਤੂਬਰ 2024 ਵਿੱਚ ਕੈਨੇਡਾ ਨੇ 6 ਭਾਰਤੀ ਡਿਪਲੋਮੈਟਾਂ ਅਤੇ ਕੌਂਸਲਰ ਅਧਿਕਾਰੀਆਂ ਨੂੰ ਕੱਢ ਦਿੱਤਾ ਸੀ...।" ਇਸ ਮਗਰੋਂ ਭਾਰਤ ਨੇ ਵੀ 6 ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ ਅਤੇ ਆਪਣੇ ਹਾਈ ਕਮਿਸਨਰ ਨੂੰ ਵਾਪਸ ਬੁਲਾਉਣ ਦਾ ਐਲਾਨ ਕੀਤਾ ਸੀ।

## ਆਟੋ ਡਰਾਈਵਰ ਦੀ ਧੀ ਨੇ ਕੀਤਾ ਕਮਾਲ, ਸਿਫਤਾਂ ਕਰਦੇ ਨਹੀਂ ਥੱਕਦੇ ਲੋਕ

ਰੇਵਾੜੀ 2 ਫਰਵਰੀ। ਆਟੋ ਡਰਾਈਵਰ ਦੀ ਧੀ ਨੇ ਕਮਾਲ ਕਰ ਦਿੱਤਾ। ਆਪਣੀ ਮਿਹਨਤ ਅਤੇ ਲਗਨ ਨਾਲ ਰਾਸ਼ਟਰੀ ਰੱਖਿਆ ਅਕਾਦਮੀ () ਦੀ ਪ੍ਰੀਖਿਆ ਪਾਸ ਕਰ ਕੇ ਜਿਆ ਨੇ ਲੈਫਟੀਨੈਂਟ ਬਣ ਕੇ ਪੂਰੇ ਪਿੰਡ ਦਾ ਨਾਂ ਰੌਸ਼ਨ ਕਰ ਦਿੱਤਾ। ਹਰਿਆਣਾ ਦੇ ਰੇਵਾੜੀ ਜਿ਼ਲ੍ਹੇ ਦੇ ਸੁਲਖਾ ਪਿੰਡ ਦੀ ਜਿਆ ਲੈਫਟੀਨੈਂਟ ਬਣ ਕੇ ਆਪਣੇ ਮਾਪਿਆਂ ਦਾ ਮਾਣ ਵਧਾਇਆ ਹੈ। ਜਿਆ ਦੇ ਪਿਤਾ ਮੋਹਨਲਾਲ ਪੇਸ਼ੇ ਤੋਂ ਇਕ ਆਟੋ ਡਰਾਈਵਰ ਹਨ। ਉਨ੍ਹਾਂ ਦੀ ਧੀ ਨੇ ਆਪਣੇ ਜਜ਼ਬੇ ਅਤੇ ਸਖਤ ਮਿਹਨਤ ਨਾਲ ਇਹ ਵੱਡੀ ਉਪਲੱਬਧੀ ਹਾਸਲ ਕੀਤੀ ਹੈ। ਧੀ ਦੀ ਇਸ ਸਫਲਤਾ 'ਤੇ ਪਿਤਾ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਆ ਗਏ। ਜਿਆ ਨੇ 12ਵੀਂ ਜਮਾਤ ਦੌਰਾਨ ਹੀ 'ਚ ਜਾਣ ਦਾ ਸੁਫਨਾ ਵੇਖਿਆ ਸੀ। ਉਨ੍ਹਾਂ ਨੇ 4-5 ਮਹੀਨੇ ਦੀ ਸਖਤ ਮਿਹਨਤ ਅਤੇ ਕੋਚਿੰਗ ਦੇ ਦਮ 'ਤੇ ਪਹਿਲਾ ਲਿਖਤੀ ਪ੍ਰੀਖਿਆ ਪਾਸ ਕੀਤੀ ਅਤੇ ਫਿਰ ਇੰਟਰਵਿਊ ਵੀ ਕਲੀਅਰ ਕਰ ਲਿਆ। ਇਸ ਸਫਲਤਾ ਦੇ ਪਿੱਛੇ ਪਰਿਵਾਰ ਦਾ ਪੂਰਾ ਸਹਿਯੋਗ ਅਤੇ ਪਿਤਾ ਦੀ ਮਿਹਨਤ ਸ਼ਾਮਲ ਹੈ। ਜਿਆ ਦੇ ਦਾਦਾ ਅਤੇ ਪਿੰਡ ਦੇ ਸਾਬਕਾ ਸਰਪੰਚ ਹੋਸ਼ਿਆਰ ਸਿੰਘ ਨੇ ਦੱਸਿਆ ਕਿ ਜਿਆ ਨੇ ਸਰਕਾਰੀ ਸਕੂਲ ਵਿਚ ਪੜ੍ਹਾਈ ਅਤੇ ਗੁਰੂਗ੍ਰਾਮ ਵਿਚ 6 ਮਹੀਨੇ ਕੋਚਿੰਗ ਲਈ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਧੀਆਂ ਨੂੰ ਵੀ ਪੁੱਤਰਾਂ ਵਾਂਗ ਬਰਾਬਰ ਮੌਕੇ ਦੇਣੇ ਚਾਹੀਦੇ ਹਨ, ਤਾਂ ਕਿ ਉਹ ਵੀ ਪਰਿਵਾਰ, ਪਿੰਡ ਅਤੇ ਦੇਸ਼ ਦਾ ਨਾਂ ਰੌਸ਼ਨ ਕਰ ਸਕਣ। ਜਿਆ ਦੀ ਸਫਲਤਾ 'ਤੇ ਪਿੰਡ ਵਾਲਿਆਂ ਨੇ ਉਸ ਦਾ ਸੁਆਗਤ ਕੀਤਾ ਅਤੇ ਉਸ ਦੀਆਂ ਸਿਫਤਾਂ ਕਰਦੇ ਨਹੀਂ ਥੱਕਦੇ।

# 27 ਸਾਲਾਂ ਤੋਂ ਵਿਛੜਿਆ ਪਤੀ ਮਹਾਕੁੰਭ 'ਚ ਮਿਲਿਆ, ਵੇਖ ਦੰਗ ਰਹਿ ਗਈ ਪਤਨੀ

ਏਜੰਸੀਆਂ

ਨੈਸ਼ਨਲ ਡੈਸਕ 2 ਫਰਵਰੀ। ਕੁੰਭ ਦੇ ਮੇਲੇ 'ਚ ਵਿਛੜ ਗਏ ਸੀ ਕੀ...? ਤੁਸੀਂ ਅਕਸਰ ਲੋਕਾਂ ਨੂੰ ਇਕ-ਦੂਜੇ ਨਾਲ ਮਜਾਕ ਕਰਦੇ ਹੋਏ ਸੁਣਿਆ ਹੋਵੇਗਾ। ਠੀਕ ਅਜਿਹੀ ਕਹਾਣੀ ਹੁਣ ਸੱਚ ਸਾਬਤ ਹੁੰਦੀ ਜਾਪ ਰਹੀ ਹੈ। ਝਾਰਖੰਡ ਦੇ ਇਕ ਪਰਿਵਾਰ ਨੇ ਪ੍ਰਯਾਗਰਾਜ ਵਿਚ ਚੱਲ ਰਹੇ ਮਹਾਕੁੰਭ ਮੇਲੇ 'ਚ 27 ਸਾਲ ਬਾਅਦ ਆਪਣੇ ਗੁਆਚੇ ਮੈਂਬਰ ਨੂੰ ਲੱਭਣ ਦਾ ਦਾਅਵਾ ਕੀਤਾ ਹੈ। ਉਹ ਸਾਧੂ ਦੇ ਭੇਸ ਵਿਚ ਸੀ। ਪਰਿਵਾਰ ਦਾ ਕਹਿਣਾ ਹੈ ਕਿ 1998 ਵਿਚ ਲਾਪਤਾ ਹੋਏ ਗੰਗਾਸਾਗਰ ਯਾਦਵ ਹੁਣ ਸਾਧੂ ਬਣ ਚੁੱਕੇ ਹਨ, ਜਿਨ੍ਹਾਂ ਨੂੰ ਲੋਕ ਬਾਬਾ ਰਾਜਕੁਮਾਰ ਦੇ ਨਾਂ ਤੋਂ ਜਾਣਦੇ ਹਨ। ਉਨ੍ਹਾਂ ਦੀ ਉਮਰ 65 ਸਾਲ ਹੈ। ਗੰਗਾਸਾਗਰ 1998 ਵਿਚ ਪਟਨਾ ਜਾਣ ਮਗਰੋਂ ਅਚਾਨਕ ਲਾਪਤਾ ਹੋ ਗਏ ਸਨ ਅਤੇ ਉਨ੍ਹਾਂ ਦੀ ਕੋਈ ਖਬਰ ਨਹੀਂ ਮਿਲ ਸਕੀ ਸੀ। ਉਨ੍ਹਾਂ ਦੀ ਪਤਨੀ ਧਨਵਾ ਦੇਵੀ ਨੇ ਇਕੱਲੇ ਹੀ ਆਪਣੇ ਦੋ ਪੁੱਤਾਂ ਨੂੰ ਪਾਲਿਆ। ਕੁੰਭ ਮੇਲੇ ਵਿਚ ਪਤਨੀ ਆਪਣੇ ਪਤੀ ਨੂੰ ਸਾਧੂ ਦੇ ਭੇਸ ਵਿਚ ਵੇਖ ਕੇ ਦੰਗ ਰਹਿ ਗਈ। ਪਰਿਵਾਰ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਬਾਬਾ ਰਾਜਕੁਮਾਰ ਦੇ ਰੂਪ ਵਿਚ ਆਪਣੇ ਗੰਗਾਸਾਗਰ ਯਾਦਵ ਨੂੰ ਪਛਾਣਿਆ ਪਰ ਸਾਧੂ ਨੇ ਆਪਣੀ ਪੁਰਾਣੀ ਪਛਾਣ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ। ਬਾਬਾ ਰਾਜਕੁਮਾਰ ਨੇ ਖੁਦ ਨੂੰ ਵਾਰਾਣਸੀ ਦਾ ਸਾਧੂ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਦਾ ਗੰਗਾਸਾਗਰ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਨਾਲ ਮੌਜੂਦ ਇਕ ਸਾਧਵੀ ਨੇ ਵੀ ਇਸ ਗੱਲ ਦਾ ਸਮਰਥਨ ਕੀਤਾ। ਗੰਗਾਸਾਗਰ ਦੇ ਛੋਟੇ ਭਰਾ ਮੁਰਲੀ ਯਾਦਵ ਨੇ ਕਿਹਾ ਕਿ ਅਸੀਂ ਆਪਣੇ ਭਰਾ ਨੂੰ ਲੱਭਣ ਦੀ ਉਮੀਦ ਛੱਡ ਦਿੱਤੀ ਸੀ ਪਰ ਹਾਲ ਹੀ 'ਚ ਸਾਡੇ ਇਕ ਰਿਸਤੇਦਾਰ ਨੇ ਕੁੰਭ ਮੇਲੇ 'ਤੇ ਇਕ ਸਾਧੂ ਨੂੰ ਦੇਖਿਆ, ਜੋ ਗੰਗਾਸਾਗਰ ਵਰਗਾ ਲੱਗ ਰਿਹਾ ਸੀ। ਉਸ ਨੇ ਇਸ ਦੀ ਤਸਵੀਰ ਲੈ ਕੇ ਸਾਨੂੰ ਭੇਜ ਦਿੱਤੀ। ਤਸਵੀਰ ਦੇਖ ਕੇ ਅਸੀਂ ਤੁਰੰਤ ਧਨਵਾ ਦੇਵੀ ਅਤੇ ਉਨ੍ਹਾਂ ਦੇ ਦੋ ਪੁੱਤਰਾਂ ਨਾਲ ਕੁੰਭ ਮੇਲੇ 'ਤੇ ਪਹੁੰਚ ਗਏ। ਹਾਲਾਂਕਿ ਪਰਿਵਾਰ ਨੇ ਉਨ੍ਹਾਂ ਦੇ ਸਰੀਰ 'ਤੇ ਮੌਜੂਦ ਕੁਝ ਵਿਸ਼ੇਸ਼ ਨਿਸ਼ਾਨ ਨੂੰ ਆਧਾਰ ਬਣਾ ਕੇ ਦਾਅਵਾ ਕੀਤਾ ਕਿ ਉਹ ਹੀ ਗੰਗਾਸਾਗਰ ਹੈ। ਉਨ੍ਹਾਂ ਨੇ ਉਨ੍ਹਾਂ ਦੇ ਲੰਬੇ ਦੰਦ, ਮੱਥੇ 'ਤੇ ਸੱਟ ਦੇ ਨਿਸ਼ਾਨ ਅਤੇ ਗੋਡੇ 'ਤੇ ਮੌਜੂਦ ਪੁਰਾਣਾ ਜਖਮ ਵਿਖਾਉਂਦੇ ਹੋਏ ਕਿਹਾ ਕਿ ਇਹ ਉਹੀ ਵਿਅਕਤੀ ਹੈ। ਪਰਿਵਾਰ ਨੇ ਕੁੰਭ ਮੇਲੇ ਦੀ ਪੁਲਸ ਤੋਂ ਇਸ ਮਾਮਲੇ ਵਿਚ ਮਦਦ ਮੰਗੀ ਹੈ ਅਤੇ ਟੈਸਟ ਕਰਾਉਣ ਦੀ ਮੰਗ ਕੀਤੀ ਹੈ, ਤਾਂ ਕਿ ਵਿਅਕਤੀ ਦੀ ਅਸਲੀ ਪਛਾਣ ਸਾਬਤ ਕੀਤੀ ਜਾ ਸਕੇ। ਗੰਗਾਸਾਗਰ ਦੀ ਗੁੰਮਸ਼ੁਦਗੀ ਮਗਰੋਂ ਉਨ੍ਹਾਂ ਦਾ ਪਰਿਵਾਰ ਪੂਰੀ ਤਰ੍ਹਾਂ ਟੁੱਟ ਗਿਆ ਸੀ। ਉਨ੍ਹਾਂ ਦੇ ਵੱਡੇ ਪੁੱਤਰ ਦੀ ਉਮਰ ਉਸ ਸਮੇਂ ਦੋ ਸਾਲ ਸੀ। ਹੁਣ ਇਹ ਵੇਖਣਾ ਬਾਕੀ ਹੈ ਕਿ ਟੈਸਟ ਤੋਂ ਸੱਚ ਸਾਹਮਣੇ ਆਵੇਗਾ ਜਾਂ ਇਹ ਪਰਿਵਾਰ ਕਿਸੇ ਗਲਤਫਹਿਮੀ ਦਾ ਸ਼ਿਕਾਰ ਹੋ ਗਿਆ ਹੈ।


## ਲੁਧਿਆਣਾ ਦੇ ਹੌਜ਼ਰੀ ਕਾਰੋਬਾਰੀ ਨਾਲ 74.94 ਲੱਖ ਰੁਪਏ ਦੀ ਠੱਗੀ

ਲੁਧਿਆਣਾ 2 ਫਰਵਰੀ। ਥਾਣਾ ਜੋਧੇਵਾਲ ਦੀ ਪੁਲਸ ਨੇ ਧੋਖਾਧੜੀ ਕਰਨ ਦੇ ਦੋਸ਼ ਹੇਠ ਇਕ ਮੁਲਜ਼ਮ ਦੇ ਖ਼ਿ਼ਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਸਬ ਇੰਸਪੈਕਟਰ ਸੁਨੀਤਾ ਕੌਰ ਨੇ ਦੱਸਿਆ ਕਿ ਪੁਲਸ ਨੂੰ ਸ਼ਿਕਾਇਤਕਰਤਾ ਪ੍ਰਦੀਪ ਕੁਮਾਰ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਕੱਪੜੇ ਦੀ ਫੈਕਟਰੀ ਹੈ। ਉਸ ਨੇ ਸ਼ਿਕਾਇਤ ਵਿਚ ਦੱਸਿਆ ਹੈ ਕਿ ਉਸ ਦੀ ਕੱਪੜੇ ਦੀ ਫੈਕਟਰੀ ਤੋਂ ਦਿਨੇਸ਼ ਨਰੂਸਾ ਪੁੱਤਰ ਨਰਿੰਦਰ ਕੁਮਾਰ ਨਰੂਸਾ ਵਾਸੀ ਰਘੁਵੀਰ ਬਾਰਕ ਹੈਬੋਵਾਲ ਕਲਾਂ ਨੇ 74 ਲੱਖ 94 ਹਜ਼ਾਰ ਰੁਪਏ ਦਾ ਹੌਜ਼ਰੀ ਦਾ ਸਾਮਾਨ ਲੈ ਕੇ ਉਸ ਦੇ ਪੈਸੇ ਵਾਪਸ ਨਾ ਕਰਦਿਆਂ ਉਸ ਨਾਲ ਠੱਗੀ ਮਾਰੀ ਹੈ। ਇਸ ਮਗਰੋਂ ਪੁਲਸ ਨੇ ਉਕਤ ਮਾਮਲੇ ਦੀ ਜਾਂਚ ਕਰਨ ਮਗਰੋਂ ਮੁਲਜ਼ਮ ਦਿਨੇਸ਼ ਨਰੂਸਾ ਦੇ ਖ਼ਿ਼ਲਾਫ਼ ਮਾਮਲਾ ਦਰਜ ਕੀਤਾ ਹੈ।

# ਨਸੇ ਲਈ 2.5 ਕਰੋੜ ਦੀ ਠੱਗੀ, ਇਸ ਐਪ ਰਾਹੀਂ ਫਸਾਉਂਦੇ ਸਨ ਸ਼ਿਕਾਰ

ਏਜੰਸੀਆਂ

ਨੈਸ਼ਨਲ ਡੈਸਕ 2 ਫਰਵਰੀ। ਮੱਧ ਪ੍ਰਦੇਸ ਦੀ ਰਾਜਧਾਨੀ ਭੋਪਾਲ ਵਿੱਚ ਪੁਲਸ ਨੇ ਅਵਧਪੁਰੀ ਇਲਾਕੇ ਤੋਂ ਪੰਜ ਠੱਗਾਂ ਨੂੰ ਗ੍ਰਿਫਤਾਰ ਕਰਕੇ ਇੱਕ ਵੱਡੀ ਸਾਈਬਰ ਧੋਖਾਧੜੀ ਦਾ ਪਰਦਾਫਾਸ ਕੀਤਾ ਹੈ। ਪੁਲਸ ਨੇ ਮੁਲਜਮਾਂ ਕੋਲੋਂ ਦੋ ਬੀ.ਐਮ.ਡਬਲਿਊ. ਕਾਰਾਂ, 48 ਮੋਬਾਈਲ ਫੋਨ ਅਤੇ ਟੈਬਲੇਟ ਅਤੇ ਢਾਈ ਕਰੋੜ ਰੁਪਏ ਦਾ ਸਾਮਾਨ ਬਰਾਮਦ ਕੀਤਾ ਹੈ। ਭੋਪਾਲ ਦੇ ਜੋਨ 2 ਦੇ ਡੀਸੀਪੀ ਸੰਜੇ ਅਗਰਵਾਲ ਅਨੁਸਾਰ ਅਵਧਪੁਰੀ ਇਲਾਕੇ ਦੀ ਪੁਲਸ ਨੂੰ ਕਿਸੇ ਮੁਖਬਰ ਤੋਂ ਸੂਚਨਾ ਮਿਲੀ ਸੀ ਕਿ ਰੀਗਲ ਟਾਊਨ ਕਲੋਨੀ ਬਲਾਕ ਨੰਬਰ 1ਏ ਫਲੈਟ ਨੰਬਰ 1 ਵਿੱਚ ਸੱਕੀ ਗਤੀਵਿਧੀਆਂ ਵਿੱਚ ਸਾਮਲ ਚਾਰ-ਪੰਜ ਲੜਕੇ ਰਹਿੰਦੇ ਹਨ, ਜਿਨ੍ਹਾਂ ਕੋਲ ਮਹਿੰਗੀਆਂ ਲਗਜਰੀ ਕਾਰਾਂ ਵੀ ਹਨ। ਸੂਚਨਾ ਮਿਲਣ 'ਤੇ ਥਾਣਾ ਸਦਰ ਦੇ ਇੰਚਾਰਜ ਰਤਨ ਸਿੰਘ ਪਰਿਹਾਰ ਦੇ ਦਿਸਾ-ਨਿਰਦੇਸਾਂ 'ਤੇ ਟੀਮ ਗਠਿਤ ਕਰਕੇ ਉਸ ਫਲੈਟ 'ਚ ਭੇਜੀ ਗਈ . ਇੱਥੇ ਪੰਜ ਵਿਅਕਤੀ ਮਿਲੇ, ਜਿਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦਾ ਕੰਮ ਜੂਮ ਕਾਰ ਕੰਪਨੀ 'ਚ ਕਿਰਾਏ 'ਤੇ ਗੈਰ-ਵਪਾਰਕ ਕਾਰਾਂ ਮੁਹੱਈਆ ਕਰਵਾਉਣਾ ਹੈ। ਜਦੋਂ ਪੁਲਸ ਨੇ ਉਸ ਤੋਂ ਉਸ ਦੇ ਕਾਰੋਬਾਰ ਸਬੰਧੀ ਦਸਤਾਵੇਜ ਅਤੇ ਕਾਰ ਬਾਰੇ ਜਾਣਕਾਰੀ ਮੰਗੀ ਤਾਂ ਨੌਜਵਾਨ ਸਹੀ ਜਵਾਬ ਨਾ ਦੇ ਸਕਿਆ। ਜਦੋਂ ਪੁਲਸ ਨੇ ਸਖਤ ਕਾਰਵਾਈ ਕੀਤੀ ਤਾਂ ਨੌਜਵਾਨਾਂ ਨੇ ਵੱਡੀ ਸਾਈਬਰ ਧੋਖਾਧੜੀ ਦੀ ਸੱਚਾਈ ਦਾ ਖੁਲਾਸਾ ਕੀਤਾ। ਡੀਸੀਪੀ ਸੰਜੇ ਅਗਰਵਾਲ ਨੇ ਦੱਸਿਆ ਕਿ ਇਨ੍ਹਾਂ ਨੌਜਵਾਨਾਂ ਨੇ ਨਾ ਸਿਰਫ ਜੂਮ ਕਾਰ ਐਪ ਕੰਪਨੀ ਦੇ ਲੋਕਾਂ ਨੂੰ ਮੂਰਖ ਬਣਾਇਆ, ਸਗੋਂ ਗਾਹਕਾਂ ਦੇ ਪੈਸੇ ਵੀ ਹੜੱਪ ਲਏ। ਪੁੱਛਗਿੱਛ ਦੌਰਾਨ ਮੁਲਜਮਾਂ ਨੇ ਦੱਸਿਆ ਕਿ ਉਹ ਜੂਮ ਕਾਰ ਕੰਪਨੀ ਦੀ ਐਪ ਰਾਹੀਂ ਦੇਸ ਭਰ ਵਿੱਚ ਠੱਗੀ ਮਾਰਦੇ ਰਹੇ ਹਨ। ਦਰਅਸਲ, ਇਹ ਦੋਸੀ ਗੂਗਲ ਤੋਂ ਵੱਖ-ਵੱਖ ਐਂਗਲਾਂ ਤੋਂ ਕਿਸੇ ਵੀ ਲਗਜਰੀ ਕਾਰ ਦੀਆਂ ਫੋਟੋਆਂ ਲੈ ਕੇ ਜੂਮ ਕਾਰ ਦੀ ਵੈੱਬਸਾਈਟ 'ਤੇ ਅਪਲੋਡ ਕਰਦੇ ਸਨ। ਇਸ ਤੋਂ ਇਲਾਵਾ ਉਹ ਫਰਜੀ ਨਾਂ 'ਤੇ ਮੋਬਾਈਲ ਨੰਬਰ, ਬੈਂਕ ਖਾਤੇ ਸਮੇਤ ਸਾਰੀ ਜਾਣਕਾਰੀ ਭਰ ਕੇ ਵੈੱਬਸਾਈਟ 'ਤੇ ਅਪਲੋਡ ਕਰਦੇ ਸਨ। ਉਨ੍ਹਾਂ ਦੀ ਕਾਰ ਵੈੱਬਸਾਈਟ 'ਤੇ ਅਪਲੋਡ ਹੋਣ ਤੋਂ ਬਾਅਦ, ਤਿੰਨ ਦਿਨਾਂ ਦੇ ਅੰਦਰ-ਅੰਦਰ ਵੱਖ-ਵੱਖ ਮਾਧਿਅਮਾਂ ਰਾਹੀਂ ਕਾਰ ਦੀ ਬੁਕਿੰਗ ਆਉਣੀ ਸੁਰੂ ਹੋ ਜਾਂਦੀ ਸੀ। ਜਦੋਂ ਗਾਹਕ ਆਪਣੀ



ਕਾਰ ਬੁੱਕ ਕਰਵਾਉਂਦਾ ਸੀ ਤਾਂ ਉਹ ਐਡਵਾਂਸ ਪੇਮੈਂਟ ਕਰਦਾ ਸੀ, ਜਿਸ ਵਿੱਚੋਂ 40 ਫੀਸਦੀ ਰਕਮ ਜੂਮ ਕਾਰ ਕੰਪਨੀ ਨੂੰ ਅਤੇ 60 ਫੀਸਦੀ ਰਕਮ ਮੁਲਜਮਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕਰ ਦਿੱਤੀ ਜਾਂਦੀ ਸੀ। ਜਦੋਂ ਗਾਹਕ ਆਪਣੀ ਬੁੱਕ ਕੀਤੀ ਕਾਰ ਲੈਣ ਲਈ ਆਉਂਦਾ ਸੀ ਤਾਂ ਇਹ ਮੁਲਜਮ ਉਸ ਦਾ ਮੋਬਾਈਲ ਨੰਬਰ ਬੰਦ ਕਰ ਦਿੰਦੇ ਸਨ। ਇਸ ਤੋਂ ਬਾਅਦ ਜੂਮ ਕਾਰ ਕੰਪਨੀ ਉਨ੍ਹਾਂ ਦੇ ਬੈਂਕ ਖਾਤੇ ਅਤੇ ਮੋਬਾਈਲ ਨੰਬਰ ਨੂੰ ਬਲਾਕ ਕਰ ਦਿੰਦੀ ਸੀ ਪਰ ਹਰ ਵਾਰ ਇਹ ਮੁਲਜਮ ਦਿੱਲੀ ਅਤੇ ਮੁੰਬਈ ਸਮੇਤ ਦੇਸ ਦੇ ਸਾਰੇ ਸਹਿਰਾਂ ਵਿੱਚ ਨਵੇਂ ਨੰਬਰ, ਨਵੇਂ ਬੈਂਕ ਖਾਤੇ ਅਤੇ ਨਵੀਂ ਪਛਾਣ ਰਾਹੀਂ ਨਵੀਂ ਬੁਕਿੰਗ ਕਰਵਾ ਕੇ ਲੋਕਾਂ ਨੂੰ ਠੱਗਦੇ ਸਨ। ਇਸ ਤਰ੍ਹਾਂ ਠੱਗਾਂ ਦਾ ਧੰਦਾ ਬੇਰੋਕ ਚੱਲਦਾ ਰਹਿੰਦਾ ਪਰ ਭੋਪਾਲ ਪੁਲਸ ਨੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਇਸ ਗਿਰੋਹ ਦਾ ਪਰਦਾਫਾਸ ਕੀਤਾ। ਪੁਲਸ ਨੇ ਇਨ੍ਹਾਂ ਕੋਲੋਂ ਦੋ ਬੀਐਮਡਬਲਯੂ ਕਾਰਾਂ, 37 ਏਟੀਐਮ ਕਾਰਡ, 48 ਮੋਬਾਈਲ ਫੋਨ ਅਤੇ ਟੈਬਲੇਟ, 13 ਚੈੱਕ ਬੁੱਕ, ਅੱਠ ਪਾਸਬੁੱਕ, 92 ਸਿਮ ਕਾਰਡ, ਇੱਕ ਨੋਟ ਗਿਣਨ ਵਾਲੀ ਮਸੀਨ, ਇੱਕ ਐਕਸਯੂਵੀ 500, ਇੱਕ ਬਾਰਕੋਡ ਅਤੇ ਕਈ ਇਲੈਕਟ੍ਰਾਨਿਕ ਯੰਤਰ ਬਰਾਮਦ ਕੀਤੇ ਹਨ ਲਗਭਗ 2.5 ਕਰੋੜ ਰੁਪਏ ਹੈ। ਫੜੇ ਗਏ ਦੋਸੀਆਂ ਦੇ ਨਾਂ ਅਵਿਨਾਸ ਪਾਂਡੇ, ਸਹਿਜ ਪ੍ਰੀਤ ਸਿੰਘ, ਯਸ ਸਲੂਜਾ, ਅੰਸੁਲ ਪ੍ਰਿਅੰਕ ਸਿੰਘ ਅਤੇ ਮਯੰਕ ਠਾਕੁਰ ਹਨ।

## ਡੇਰਾ ਮੁਖੀ ਮਾਮਲੇ 'ਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਵੱਡਾ ਬਿਆਨ

ਅੰਮ੍ਰਿਤਸਰ 2 ਫਰਵਰੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਸਰਕਾਰ ਵਲੋਂ ਦਿੱਤੀ ਜਾ ਰਹੀ ਪੈਰੋਲ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਆਖਿਆ ਕਿ ਸਰਕਾਰ ਡੇਰਾ ਮੁਖੀ ਵਰਗੇ ਸੰਗੀਨ ਅਪਰਾਧੀ ਨੂੰ ਵਾਰ-ਵਾਰ ਪੈਰੋਲ ਦੇ ਕੇ ਅਤੇ 30-30 ਸਾਲਾਂ ਤੋਂ ਜੇਲ੍ਹਾਂ ਵਿਚ ਨਜਰਬੰਦ ਬੰਦੀ ਸਿੰਘਾਂ ਨੂੰ ਸਜਾਵਾਂ ਪੂਰੀਆਂ ਹੋਣ ਦੇ ਬਾਵਜੂਦ ਰਿਹਾਅ ਨਾ ਕਰਕੇ ਸਿੱਖਾਂ ਨੂੰ ਦੇਸ ਅੰਦਰ ਗੁਲਾਮੀ ਦਾ ਅਹਿਸਾਸ ਕਰਵਾ ਰਹੀ ਹੈ। ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਡੇਰਾ ਸਿਰਸਾ ਮੁਖੀ ਨੂੰ ਸਰਕਾਰ ਵਲੋਂ ਆਪਣੇ ਰਾਜਨੀਤਕ ਹਿੱਤਾਂ ਲਈ ਵਾਰ-ਵਾਰ ਰਿਹਾਅ ਕਰਕੇ ਕਾਨੂੰਨ ਪ੍ਰਤੀ ਵਿਸਵਾਸ ਦੀ ਸਮੂਹਿਕ ਭਾਵਨਾ ਨੂੰ ਖਤਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਬੰਦੀ ਸਿੰਘ ਆਪਣੀਆਂ ਸਜਾਵਾਂ ਪੂਰੀਆਂ ਹੋਣ ਦੇ ਬਾਵਜੂਦ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜਰਬੰਦ ਹਨ ਅਤੇ ਉਨ੍ਹਾਂ ਨੂੰ ਰਿਹਾਅ ਕਰਨ ਤੋਂ ਸਰਕਾਰ ਸਾਫ ਮੁਨਕਰ ਹੋ ਰਹੀ ਹੈ ਅਤੇ ਦੂਜੇ ਪਾਸੇ ਆਪਣੀਆਂ ਸਾਧਵੀਆਂ ਨਾਲ ਜਬਰ-ਜਿ਼ਨਾਹ ਅਤੇ ਕਤਲ ਵਰਗੇ ਸੰਗੀਨ ਅਪਰਾਧਾਂ ਲਈ ਸਜਾ ਯਾਫਤਾ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣੀ ਦੇਸ ਦੀ ਜਮਹੂਰੀਅਤ ਲਈ ਵੀ ਸਵਾਲ ਖੜ੍ਹੇ ਕਰਦੀ ਹੈ। ਉਨ੍ਹਾਂ ਕਿਹਾ ਕਿ ਲੱਗਦਾ ਹੈ ਕਿ ਸਰਕਾਰ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਦੇਸ ਵਿਚ ਤੀਜੇ ਦਰਜੇ ਦੇ ਸਹਿਰੀਆਂ ਵਾਲਾ ਵਿਹਾਰ ਕੀਤਾ ਜਾਣ ਕਰਕੇ ਸਿੱਖਾਂ ਵਿਚ ਅਲਹਿਦਗੀ ਦੀ ਭਾਵਨਾ ਪ੍ਰਬਲ ਹੋ ਰਹੀ ਹੈ, ਜੋ ਕਿ ਸਿੱਖਾਂ ਦੀਆਂ 80 ਫੀਸਦੀ ਤੋਂ ਵੱਧ ਕੁਰਬਾਨੀਆਂ ਨਾਲ ਆਜਾਦ ਹੋਏ ਭਾਰਤ ਦੀ ਜਮਹੂਰੀਅਤ ਲਈ ਸਰਮਨਾਕ ਹੈ।